ਜੂਨ 1974

ਨੰ:12 50 ਸੈਂਟ



# ਵਤਨੋਂ ਦੂਰ

ਸੰਪਾਦਕ:
ਸੁਰਿੰਦਰ ਧੰਜਲ

LITERARY & CULTURAL MONTHLY OF PANJABI

# THE WATNO DUR

Post Box No. 1041 Coquitlam, B.C., Canada

12



Canada
Permanent
Trust

Real Estate Division
4488 Main Street
Vancouver 10, B. C.

# JASWANT MANGAT

OFFICE: 876-7111
RESIDENCE: 985-8063

ਜਸਵੰਤ ਮੰਗਟ

**CANADA PERMANENT OFFERS:**

- ★ A Guaranteed Sales Plan
- ★ Funds for Refinancing and Sales
- ★ Expert Appraisers on immediate call
- ★ Total Involvement Salesmen on call 24 hours
- ★ Offices Coast to Coast
- ★ Coast to Coast Transfer Plan
- ★ We Trade Homes

*Any gentleman, interested in the above services, should contact*

**JASWANT MANGAT**

*for his pleasing, honest & hard-working capabilities.*



T. RAJ KAPAHI C.L.U.
*Unit Supervisor*
Res.: 433-3441



RAVI MATHUR
*Representative*
Res.: 438-2307

# DON'T LOSE EVERYTHING YOU'VE WORKED FOR...

As a business man you work today for a bigger and better tomorrow. But reaching tomorrow's profits requires your personal contribution today whether it be in management, sales or both. In any event, planning ahead is required in whatever you do and I'm an expert at financial planning. It is my business! So whether you want ideas on pension planning, business continuation, key man compensation or just death taxes give me a call or drop a line. If your planning is adequate, you'll be happy to know, if not, perhaps I can help! Interested?

THE MONARCH LIFE ASSURANCE COMPANY

1520 - 777 Hornby Street
Vancouver 1, B.C.
684-5322

OPENING SALE ~ OPENING SALE

ਖੁਸ਼ਖਬਰੀ ਖੁਸ਼ਖਬਰੀ ੧੬

# LONDON FASHION STORE

੧੬ ਖੁਸ਼ਖਬਰੀ ਖੁਸ਼ਖਬਰੀ

4393 Main St. (at 28th Ave.)
Vancouver, B.C.

Phone
Business: 876-7515
Residence: 879-3401

## Opening Sale



## Opening Sale

Importers, Exporters, Wholesaler, Retailers
Indias novelties & Jewellery
Specialist in:-sarees, shirts, ladies, gents and children knitwear, all kinds of fabrics.

4393 ਮੇਨ ਸਟਰੀਟ (28 ਐਵੀ ਨਿਊ)
ਵੈਨਕੂਵਰ ਬੀ. ਸੀ.

# ਲੰਡਨ ਫੈਸ਼ਨ ਸਟੋਰ

ਫੋਨ ਸਟੋਰ:_876-7515
ਘਰ: -879-3401

ਜਿਥੋਂ ਤੁਹਾਨੂੰ ਹਰ ਕਿਸਮ ਦੀ ਫੈਸ਼ਨੇਬਲ ਜੀਊਲਰੀ, ਸਾੜੀਆਂ, ਟਰਾਊਜ਼ਰ ਸੂਟ, ਪੰਜਾਬੀ ਸੂਟ ਤੇ ਸੂਟਾਂ ਦਾ ਕੱਪੜਾ, ਬੱਚਿਆਂ ਦੇ ਸੂਟ, ਹਰ ਕਿਸਮ ਦੀਆਂ ਲੇਡੀਜ਼, ਜੈਂਟਸ, ਤੇ ਬੱਚਿਆਂ ਦੀਆਂ ਕੋਟੀਆਂ ਨਵੇਂ ਡੀਜ਼ਾਈਨਾਂ ਵਿਚ ਇੰਗਲੈਂਡ ਦੀਆਂ ਸ਼ਰਟਾਂ, ਪਗੜੀਆਂ, ਹਾਰ, ਸਿਹਰੇ, ਚੂੜੇ ਤੇ ਹੋਰ ਬਹੁਤ ਕੁੱਝ ਬਾਜ਼ਾਰ ਨਾਲੋਂ ਬਹੁਤ ਸਸਤਾ ਤੇ ਵਧੀਆ ਮਿਲ ਸਕਦਾ ਹੈ।

ਮਾਲਕ: -ਸ. ਸਰਬਜੀਤ ਸਿੰਘ ਆਵਲਾ

ਖੁਲ੍ਹ ਗਿਆ ਖੁਲ੍ਹ ਗਿਆ ਖੁਲ੍ਹ ਗਿਆ

OPENING SALE ~ OPENING SALE

ਕੈਨੇਡਾ ਵਿੱਚ ਪੰਜਾਬੀ ਦਾ ਸਾਹਿਤਕ ਤੇ ਸੱਭਿਆਚਾਰਕ ਮਾਸਕ-ਪੱਤਰ
'THE LITERARY & CULTURAL MONTHLY OF PANJABI IN CANADA

# THE WATNO DUR

# ਵਤਨੋਂ ਦੂਰ

POST BOX NO. 1041.
COQUITLAM, B.C.

TELEPHONE:-
874-5403

ਕੋਕੁਇਟਲਮ, ਬੀ.ਸੀ., ਕੈਨੇਡਾ

PRICE: 50¢ | JUNE 1974 | SECOND CLASS MAIL REG. NO. 3233 | VOL. II | NO. 12

editor:
**SURINDER DHANJAL**
asstt. editor:
**BHUPINDER DHALIWAL**

managing editor: **CHARANJEET SIDHOO**
advertising editor: **DILJIT TOOR**
art editor: **NIRMAL DHALIWAL**
circulation editor: **J. BHANGU**

**SPECIAL REPRESENTATIVES:-**

| | | |
|---|---|---|
| SUKHPAL TALLEWALIA | : | BURNABY, B.C. |
| BALBIR DHALIWAL | : | BURNABY, B.C. |
| KARAMJIT GHUMAN | : | SURREY, B.C. |
| LATT BHINDER | : | KAMLOOPS, B.C. |
| SURDEV JATANA | : | PRINCE RUPERT, B.C. |
| H. MANN & J. AULAKH | : | PRINCE GEORGE, B.C. |
| GURCHARAN TALLEWALIA | : | NEW WESTMINSTER, B.C. |
| RAMESH SAFFRI | : | WINNIPEG, MANITOBA |

**PUBLISHER:-**
**TARA SINGH HAYER**
6626-124 A ST., SURREY, B.C.

ਸਾਲਾਨਾ ਚੰਦਾ:-
ਕੈਨੇਡਾ/ਅਮਰੀਕਾ : ਪੰਜ ਡਾਲਰ
ਇੰਗਲੈਂਡ : ਡੇਢ ਪੌਂਡ

## ਐਡੀਟੋਰੀਅਲ:

ਮਈ ਅੰਕ ਦਾ ਜ਼ਿਆਦਾ ਪਛੜ ਕੇ ਆਉਣਾ ਕਈ ਕਾਰਨਾਂ ਵਿਚ ਮਜਬੂਰੀਆਂ ਵਿਚੋਂ ਬਣਿਆ ਹੈ। ਪਰੰਤੂ ਠੀਕ ਸਮੇਂ ਤੇ ਬਾਹਰ ਆਉਣ ਤੇ ਵੀ, ਡਾਕ-ਹੜਤਾਲ ਹੋਣ ਕਾਰਨ ਸਾਨੂੰ ਇਸ ਬੇ-ਵਸੀ ਦਾ ਮੂੰਹ ਵੇਖਣਾ ਪਿਆ ਹੈ।

ਮੁਸ਼ਕਲਾਤਾਂ ਦਾ ਸਾਹਮਣਾ ਕਰਦੇ ਹੋਏ, ਅਸੀਂ ਮੰਜ਼ਲ ਵੱਲ ਤੁਰ ਰਹੇ ਹਾਂ। ਜਦੋ-ਜਹਿਦ ਨੂੰ ਸਫ਼ਲਤਾ ਦੀ ਕੁੰਜੀ ਸਮਝਦੇ ਹੋਏ ਹੌਸਲੇ ਸਦਾ ਬੁਲੰਦ ਹਨ।

—o—

ਨਾਲ ਖ਼ੂਨ ਦੇ ਹਾਕਮ ਧੋਤੇ,
ਸੱਧਰਾਂ ਦੀ ਉਸ ਬਣੀ ਚੜ੍ਹਾਈ।
ਜ਼ੁਲਮ ਕਰੇਂਦਾ ਫਿਰ ਵੀ ਸਾਈਂ,
ਕਿੰਝ ਪਰਤਾਇਆ ਰੱਬ ਏਸਦਾ!

ਭੂਪਿੰਦਰ 'ਧਾਲੀਵਾਲ'

ਉਪਰੋਕਤ ਸਤਰਾਂ ਤੇ ਅਧਾਰਿਤ ਮੁਖ-ਚਿੱਤਰ
'ਬੇ-ਰੰਗ ਮਹਿੰਦੀ'
ਰੂਪਕਾਰ: ਨਿਰਮਲ 'ਧਾਲੀਵਾਲ'

# ਅੰਨ ਦਾਤਾ

ਅੰਮ੍ਰਿਤਾ ਪ੍ਰੀਤਮ

ਅੰਨ ਦਾਤਾ !
ਮੇਰੀ ਜੀਭ ਤੇ—ਤੇਰਾ ਲੂਣ ਏ
ਤੇਰਾ ਨਾਂ—ਮੇਰੇ ਬਾਪ ਦਿਆਂ ਹੋਠਾਂ ਤੇ
ਤੇ ਮੇਰੇ ਇਸ ਬੁੱਤ ਵਿਚ ਮੇਰੇ ਬਾਪ ਦਾ ਖ਼ੂਨ ਏ !
ਮੈਂ ਕਿਵੇਂ ਬੋਲਾਂ !
ਮੇਰੇ ਬੋਲਣ ਤੋਂ ਪਹਿਲਾਂ ਬੋਲ ਪੈਂਦਾ ਏ ਤੇਰਾ ਅੰਨ।
ਕੁਝ ਕੁ ਬੋਲ ਸਨ ਪਰ ਅਸੀਂ ਅੰਨ ਦੇ ਕੀੜੇ
ਤੇ ਅੰਨ ਭਾਰ ਹੇਠਾਂ—ਉਹ ਦੱਬੇ ਗਏ ਹਨ
ਅੰਨ ਦਾਤਾ !
ਕਾਮੇ ਮਾਂ ਬਾਪ ਦਿੱਤੇ ਕਾਮੇ ਨੇ ਜੰਮ
ਕਾਮੇ ਦਾ ਕੰਮ ਹੈ ਸਿਰਫ਼ ਕੰਮ !
ਬਾਕੀ ਵੀ ਤਾਂ ਕੰਮ ਕਰਦੇ ਇਹੋ ਹੀ ਚੰਮ
ਉਹ ਵੀ ਇਕ ਕੰਮ ਇਹ ਵੀ ਇਕ ਕੰਮ।
ਅੰਨ ਦਾਤਾ !
ਮੈਂ ਚੰਮ ਦੀ ਗੁੱਡੀ ਖੇਡ ਲੈ, ਖਿਡਾ ਲੈ
ਲਹੂ ਦਾ ਪਿਆਲਾ ਪੀ ਲੈ ਪਿਲਾ ਲੈ !
ਤੇਰੇ ਸਾਹਵੇਂ ਖੜੀ ਹਾਂ ਅਹਿ, ਵਰਤਣ ਦੀ ਸ਼ੈ
ਜਿਵੇਂ ਚਾਹੇਂ ਵਰਤ ਲੈ
ਉੱਗੀ ਹਾਂ
ਪਿਸੀ ਹਾਂ
ਗੁੱਝੀ ਹਾਂ
ਵੇਲੀ ਹਾਂ
ਤੇ ਅਜ ਤੱਤੇ ਤਵੇ ਉੱਤੇ ਜਿਵੇਂ ਚਾਹੇਂ ਪਰਤ ਲੈ !
ਮੈਂ ਬੁਰਕੀ ਤੋਂ ਵਧ ਕੁਝ ਨਹੀਂ ਜਿਵੇਂ ਚਾਹੇ ਨਿਗਲ ਲੈ
ਤੇ ਤੂੰ ਲਾਵੇ ਤੋਂ ਵਧ ਕੁਝ ਨਹੀਂ ਜਿੰਨਾ ਚਾਹੇਂ ਪਿਘਲ ਲੈ।
ਲਾਵੇ 'ਚ ਲਪੇਟ ਲੈ
ਕਦਮਾਂ ਤੇ ਖੜੀ ਹਾਂ ਬਾਹਵਾਂ 'ਚ ਸਮੇਟ ਲੈ।
ਚੁੰਮ ਲੈ, ਚੱਟ ਲੈ,
ਤੇ ਫੇਰ ਰਹਿੰਦ ਖੂੰਹਦ ਉਹਦਾ ਵੀ ਕੁਝ ਵੱਟ ਲੈ।
ਅੰਨ ਦਾਤਾ !
ਮੇਰੀ ਜ਼ਬਾਨ ਤੇ ਇਨਕਾਰ ?
ਇਹ ਕਿਵੇਂ ਹੋ ਸਕਦੈ !
...ਹਾਂ...ਪਿਆਰ..., ਇਹ ਤੇਰੇ ਮਤਲਬ ਦੀ ਸ਼ੈ ਨਹੀਂ...

# ਕਾਸ਼ !

ਸੁਖਜੀਤ ਆਹਲੂਵਾਲੀਆ

ਕਾਸ਼ ਕਦੀ ਮੈਂ ਧਰਤੀ ਹੁੰਦੀ
ਇਹ ਪੀੜਾਂ ਦੀ ਭਰੀ ਪਟਾਰੀ
ਆਪਣੀ ਝੋਲੀ ਪਾ ਲੈਂਦੀ ਮੈਂ।

ਕਾਸ਼ ਕਦੀ ਮੈਂ ਅੰਬਰ ਹੁੰਦੀ
ਇਕ ਇਕ ਹਉਕਾ ਤਾਰਿਆਂ ਵਾਂਗੂ
ਸੀਨੇ ਵਿਚ ਜੜਾ ਲੈਂਦੀ ਮੈਂ।

ਕਾਸ਼ ਕਦੀ ਮੈਂ ਸਾਗਰ ਹੁੰਦੀ
ਅੱਖੀਆਂ ਵਿਚ ਜੋ ਅੱਥਰੂ ਲਿਸ਼ਕਣ
ਲਹਿਰਾਂ ਹੇਠ ਛੁਪਾ ਲੈਂਦੀ ਮੈਂ।

ਕਾਸ਼ ਕਦੀ ਮੈਂ ਸੂਰਜ ਹੁੰਦੀ
ਯਾਦ ਤੇਰੀ ਦੀ ਅੱਗ ਵਿਚ ਵੜਿਆ
ਆਪਣਾ-ਆਪ ਜਲਾ ਲੈਂਦੀ ਮੈਂ।

ਕਾਸ਼ ਕਦੀ ਮੈਂ ਬੱਦਲੀ ਹੁੰਦੀ
ਵਰ੍ਹ ਜਾਂਦੀ ਸੱਜਣਾਂ ਦੇ ਵਿਹੜੇ
ਪੌਣਾਂ-ਸੰਗ ਨਿਹੁੰ ਲਾ ਲੈਂਦੀ ਮੈਂ !

ਕਾਸ਼ ਕਦੀ ਜੇ ਏਦਾਂ ਹੁੰਦਾ
'ਜੋ' ਤੇ ਸਦਾ ਕੁਆਰੀ ਹੁੰਦੀ
'ਜੋ' ਨੂੰ ਕਿਵੇਂ ਵਿਆਹ ਲੈਂਦੀ ਮੈਂ !

ਆਖ਼ਰ ਤੇ ਇਕ ਔਰਤ ਹਾਂ ਮੈਂ
ਔਰਤ ਦਾ ਕੰਮ ਹੰਝੂ ਪੀਣਾ
ਔਰਤ ਦਾ ਕੰਮ ਗ਼ਮ ਨੂੰ ਖਾਣਾ
ਹਰਦਮ ਭੱਠੀ ਦੀ ਅੱਗ ਵਾਂਗੂ
ਬਲਦੇ ਜਾਣਾ, ਬਲਦੇ ਜਾਣਾ !

# ਬਨਾਮ ਵੀਨਾ ਉਰਫ਼ ਮੰਗਤੀ

ਕਿਸ਼ਨ ਸਿੰਘ ਉਪਾਸ਼ਕ

ਦੇਸ਼ ਦੀ ਉਸ ਨਸੀਬਾਂ-ਸੜੀ, ਪਰ ਮਹਾਨ ਬੱਚੀ ਦੇ ਨਾਉਂ, ਜਿਸ ਨੂੰ ਸਮਾਜ ਨੇ 'ਮੰਗਤੀ' ਬਣਾ ਦਿਤਾ ਤੇ ਉਨ੍ਹਾਂ ਮਾਸੂਮ, ਮਜਬੂਰ ਤੇ ਅਨਭੋਲ ਕੁੜੀਆਂ ਦੇ ਨਾਂ, ਜੋ ਹੱਵਸ ਦੇ ਬਘਿਆੜਾਂ ਵਿਚਕਾਰ ਘਿਰੀਆਂ ਹੋਈਆਂ ਹਨ, ਜੋ ਜੁਆਨੀ ਦੇ ਜੋਸ਼ ਵਿਚ ਰਾਹਾਂ ਤੋਂ ਭਟਕ ਰਹੀਆਂ ਹਨ।

ਨੀਂਦ ਪੁਰੀ ਦੀਏ
ਬਾਂਕੀਏ ਨਾਜ਼ੋ
ਸੰਗੇਮਰਮਰ
ਦੇ ਟੋਟੇ ਵਿਚ
ਚੋ ਕੇ ਰੱਬ ਨੇ
ਖ਼ੂਨ ਜਿਗਰ ਦਾ
ਲਾ ਕੇ ਆਪਣੀਆਂ
ਸਾਰੀਆਂ ਰੀਝਾਂ
ਤੇਰਾ ਸੁੰਦਰ
ਬੁੱਤ ਬਣਾਇਆ
ਮੰਗੀ ਤੜਪ
ਚਕੋਰੀ ਕੋਲੋਂ
ਲੀਤੀ ਲਿਸ਼ਕ
ਚੰਦਰਮਾ ਪਾਸੋਂ
ਮੰਗਿਆ ਬਿਹਾ
ਕਲਾ ਦੇ ਕੋਲੋਂ
ਲੀਤੀ ਜਲਨ
ਸਮ੍ਹਾਂ ਦੇ ਪਾਸੋਂ
ਹਿਰਦਾ ਲੀਤਾ
ਹੂਰ ਦੇ ਕੋਲੋਂ
ਲੀਤਾ ਸੱਚ
ਫ਼ਰਿਸ਼ਤੇ ਪਾਸੋਂ

ਮੰਗੇ ਰੰਗ
ਤਿਤਲੀਆਂ ਕੋਲੋਂ
ਲਿਆਂਦੇ ਅੰਗ
ਅ-ਜੰਤਾ ਵਿਚੋਂ
ਲਈ ਸੁੰਦਰਤਾ
ਕੁਦਰਤ ਪਾਸੋਂ
ਗੁਰਦਾ ਲੀਤਾ
ਸ਼ੇਰ ਬਬਰ ਤੋਂ
ਮੰਗਿਆ ਸਿਦਕ
ਪਤੰਗੇ ਪਾਸੋਂ
ਮਿਰਗ ਦੇ ਕੋਲੋਂ
ਅੱਖੀਆਂ ਲਈਆਂ
ਲੱਕ ਲਿਆ
ਧਿਮੂੜੀ ਪਾਸੋਂ
ਕਿਰਨਾਂ ਕੋਲੋਂ
ਤੁਰਨਾ ਲੀਤਾ
ਲੀਤੇ ਕੇਸ
ਘਟਾਵਾਂ ਪਾਸੋਂ
ਬੋਲੀ ਮੰਗੀ
ਕੋਇਲ ਕੋਲੋਂ
ਲੀਤੀ ਜਿੰਦ
ਬਹਾਰਾਂ ਪਾਸੋਂ

MOVIES FOREIGN EXCHANGE CONCERT

**SIHOTA DISTRIBUTORS**

MANAGER KARTAR SINGH AHLUWALIA

3483 KINGSWAY,
VANCOUVER, B.C.,
CANADA. V5R 5L5-

PHONE:
438-1304
324-2557

ਕਰ ਕੇ ਤੈਨੂੰ
ਇੰਜ ਮੁਕੰਮਲ
ਮੱਥੇ ਉੱਤੇ
ਰੋਣਾ, ਝੂਰਨਾ
ਭੂਤਨਿਆਂ ਦਾ
ਰੂਪ ਖਿਡਾਉਣਾ
ਜਾਏ ਜੁਆਨੀ
ਭੰਗਾਂ ਭਾੜੇ
ਇਹ ਕੁਝ
ਲਿਖ ਕੇ
ਨਾਲ ਕਲਮ ਦੇ
ਹਉਕਾ ਲੈ ਕੇ
ਆਖਿਆ 'ਵੀਨਾ' !
ਜਾਹ ਮੇਰੀਏ
ਬਦਕਿਸਮਤ ਬੱਚੀਏ
ਤੇਰੇ ਕਲੀਰੇ
ਬੱਝ ਨਾ ਸਕਣ
ਨਾਲ ਵਾਜਿਆਂ
ਜੰਦ ਨਾ ਢੁੱਕੇ
ਨਾ ਹੀ ਤੈਨੂੰ
ਵੱਟਣਾ ਲੱਗੇ

ਨਾ ਕੋਈ ਤੇਰੇ
ਮਹਿੰਦੀ ਲਾਵੇ
ਨਾ ਕੋਈ ਤੈਥੋਂ
ਪਾਣੀ ਵਾਰੇ
ਨਾ ਕੋਈ ਤੇਰੇ
ਸ਼ਗਨ ਮਨਾਵੇ
ਦੁਨੀਆਂ ਤੇ ਤੂੰ
ਰੁੱਲਦੀ ਮਰ ਜਾਏਂ
ਤੁਰਿਆ ਬਚਪਨ
ਆਈ ਜੁਆਨੀ
ਸਿਰ ਤੇਰੇ ਵਿਚ
ਬਹਿ ਗਈ ਨਾਗਣ
ਵਧੇ ਸਪੇਰੇ
ਲੂ ਲੂੰ ਬੀਨਾ

ਏਸ ਸਮੇਂ ਦੇ
ਸੱਯਦਾਂ ਨੇ
ਕਰ ਕੇ ਕੈਦ
ਹੁਸਨ ਦੀ ਬੁਲਬੁਲ
ਮਨ ਮਰਜ਼ੀ ਦੇ
ਰਾਗ ਸਿਖਾਏ
ਪੈਰੀਂ ਬੰਨ੍ਹ
ਵਿਸ਼ਿਆਂ ਦੇ ਘੁੰਗਰੂ
ਮਨ ਮਰਜ਼ੀ ਦੇ
ਨਾਚ ਨਚਾਏ

ਦੇਵੀ ਤਾਈਂ
ਚੁੜੇਲ ਬਣਾਇਆ
ਢਿੱਡੋਂ ਨੀਚ
ਕੋਈ ਨਹੀਂ ਜੰਮਦਾ
ਏਥੇ ਸਬਕ
ਪੜ੍ਹਾਇਆ ਜਾਂਦੈ
ਏਥੇ ਨੀਚ
ਬਣਾਇਆ ਜਾਂਦੈ
ਲੋਕਾਂ ਲਈ
ਜਨੂੰਨ ਬਣੀ ਤੂੰ
ਕਲਮਾਂ ਲਈ
ਮਜ਼ਮੂਨ ਬਣੀ ਤੂੰ
ਧਨੀਆਂ ਲਈ
ਸੁਗਾਤ ਬਣੀ ਤੂੰ
ਪੁਲਿਸ ਲਈ
ਆਫ਼ਾਤ ਬਣੀ ਤੂੰ
ਕਈਆਂ ਖ਼ਾਤਰ
ਨੂਰ ਬਣੀ ਤੂੰ
ਕਈਆਂ ਲਈ
ਫ਼ਤੂਰ ਬਣੀ ਤੂੰ
ਘਰ ਦਿਆ ਲਈ
ਨਾਸੂਰ ਬਣੀ ਤੂੰ
ਕੋਮਲ ਬਦਨ
ਸਮਾਜ ਦੇ ਗਿਰਝਾਂ

ਰੱਜ ਚੂੰਡਿਆ
ਰੱਜ ਤੋੜਿਆ
ਰੱਜ ਰੱਜ ਖਾਧਾ
ਟੁੱਕਰ ਬੋਚ
ਜ਼ਲੀਲ, ਫੁਕਰਿਆਂ
ਖਾ ਖਾ ਆਪ
ਕਮਾਈ ਤੇਰੀ
ਮੰਗਤੀ ! ਮੰਗਤੀ !!
ਸੱਦਿਐ ਤੈਨੂੰ

ਅਜੇ ਵੀ ਆਖਣ
ਮੰਗਤੀ ! ਮੰਗਤੀ !!
ਪਰ ਸੱਚ ਮੰਨੀ
ਹਰਫ਼ ਮੇਰੇ ਤੂੰ
ਮੇਰੀ ਨਿਗਾਹ ਵਿਚ
ਤੂੰ ਨਹੀਂ ਮੰਗਤੀ
ਇਹ ਮਿੱਲ ਮਾਲਕ
ਅਤੇ ਸਮੱਗਲਰ
ਇੱਛਿਆ ਧਾਰੀ
ਜ਼ੱਪ ਖੜੱਪੇ
ਸੋਨੇ ਚਾਂਦੀ
ਦੇ ਢੇਰਾਂ ਤੇ
ਬੈਠੇ ਨੇ ਜੋ
ਧਰਨੇ ਮਾਰੀ
ਬੈਠੇ ਨੇ ਜੋ
ਫੰਨ੍ਹ ਖਿਲਾਰੀ
ਜਿਨ੍ਹਾਂ ਨੇ ਤੈਥੋਂ
ਐਸ਼ਾਂ ਮੰਗੀਆਂ
ਰਾਤਾਂ ਮੰਗੀਆਂ
ਤਨ ਤੇਰੇ ਦੀਆਂ
ਸੰਦਲੀ ਮਹਿਕਾਂ
ਸ਼ੋਖ਼ ਅਦਾਵਾਂ
ਪੁੰਗਰੀਆਂ ਆਸਾਂ

ਤੇਰੇ ਕੁਆਰੇ
ਮਨ ਦੀਆਂ ਤਾਨਾਂ

ਹੁਸਨ ਤੇਰੇ ਦੀਆਂ
ਰਿਸ਼ਮਾਂ ਮੰਗੀਆਂ
ਲੈ ਲੈ ਤੇਰੇ
ਜਿਗਰ ਦੀਆਂ ਲਾਟਾਂ
ਆਪਣੇ ਧੌਲੇ
ਝਾਟੇ ਝੁਲਸੇ
ਛੀਮਾਂ ਤੇ
ਕੁਸ਼ਤੇ ਅਜ਼ਮਾਏ
ਤੈਨੂੰ ਚੱਬ ਚੱਬ
ਤੈਨੂੰ ਚਿੱਥ ਚਿੱਥ
ਤੇਰੀ ਮਜਬੂਰੀ
ਨੂੰ ਤੱਕ ਤੱਕ
ਸ਼ੇਖੀਆਂ ਮਾਰੀਆਂ
ਲਾਏ ਕਹਿਕਹੇ
ਸੀਨੇ ਤਾਣੇ
ਮੁੱਛਾਂ ਵੱਟੀਆਂ
ਦੱਸੀ ਸ਼ਾਨ
ਜਵਾਂ-ਮਰਦੀ ਦੀ
ਖੋਹ ਲਿਆ ਤੈਥੋਂ
ਸਭ ਕੁਝ ਤੇਰਾ
ਮੇਰੀ ਨਿਗਾਹ ਵਿਚ
ਤੂੰ ਨਹੀਂ ਮੰਗਤੀ
ਉਹ ਹਨ ਮੰਗਤੇ

ਤੇਰੇ ਹੰਝੂਆਂ
ਨਾਲ ਜਿਨ੍ਹਾਂ ਨੇ
ਭੜਕੇ ਕਾਮ ਦੇ
ਲਾਂਬੂ ਠਾਰੇ
ਠੰਢੀਆਂ ਕੀਤੀਆਂ
ਆਪਣੀਆਂ ਅੱਗਾਂ
ਜਿਨ੍ਹਾਂ ਤੇਰੀ ਇਹ
ਹਾਲਤ ਕੀਤੀ
ਜੋ ਇਕ ਚੰਗੀ
ਕੰਨਿਆ ਹੈ ਸੀ
ਜਿਨ੍ਹੇ ਉਣੇ ਸਨ

ਤਾਰੇ ਜੜ ਜੜ
ਸੁੰਦਰ ਸੁਹਲ
ਭਵਿੱਖ ਦੇ ਸੁਪਨੇ
ਜੋ 'ਵੀਨਾ'
ਇਕ ਧੀ ਸੀ ਛਿੰਦੀ
ਜੋ 'ਵੀਨਾ'
ਇਕ ਭੈਣ ਸੀ ਚੰਗੀ
ਜਿਨ੍ਹੇ ਕਿਸੇ ਦੀ
ਨੂੰਹ ਸੀ ਬਣਨਾ
ਜਿਨ੍ਹੇ ਸੀ ਸੁੱਘੜ
ਪਤਨੀ ਬਣਨਾ
ਜਿਨ੍ਹੇ ਕਿ ਚੰਗੀ
ਮਾਂ ਸੀ ਬਣਨਾ
ਉਹਨੂੰ ਬਣਾਇਆ
ਇਕ ਵੇਸਵਾ

ਜਿਨ੍ਹਾਂ ਤੋਂ ਹੈ
ਕਾਨੂੰਨ ਵੀ ਲਿਫਿਆ
ਜਿਨ੍ਹਾਂ ਨੂੰ
ਕੋਈ ਬਦਮਾਸ਼
ਨਹੀਂ ਕਹਿੰਦਾ
ਜਿਹੜੇ ਅਜ ਵੀ
ਹਨ ਪਤ-ਵੰਤੇ
ਧੰਨ ਨੇ ਉਹ
ਸੁਨਹਿਰੀ ਪਰਦੇ
ਜਿਨ੍ਹਾਂ ਦੇ ਵਿਚੋਂ
ਭੱਦੇ, ਨਹਿਸ਼
ਤੇ ਕਾਮੀ, ਕਪਟੀ
ਹਿਰਸੀ ਚਿਹਰੇ
ਦੇਵਤਿਆਂ ਦੇ
ਵਾਂਗ ਪਏ ਹਨ
ਦਗ ਦਗ ਕਰਦੇ
ਰੋਜ਼ ਸੁਣੀ ਦੈ
ਰੋਜ਼ ਪੜ੍ਹੀ ਦੈ
ਅਜ ਮੰਗਤੀ ਨੇ
ਐਦਾਂ ਕੀਤੈ

ਕੱਲ੍ਹ ਮੰਗਤੀ
ਐਂਦਾਂ ਕਰਨੈ
ਮੰਗਤੀ ਹਰ ਦਮ
ਚਾਕੂ ਰਖਦੀ
ਪੀ ਕੇ ਮੰਗਤੀ
ਚਾਂਘਰਾਂ ਮਾਰੇ
ਬੜ੍ਹਕਾਂ ਮਾਰੇ
ਮੰਗਤੀ ਕਰੇ
ਸਮਾਜ ਨੂੰ ਗੰਦਿਆਂ

ਮੰਗਤੀ ਹੈ ਇਕ
ਜ਼ਹਿਰ ਦੀ ਗੰਦਲ
ਮੰਗਤੀ ਮਾਰ
ਕੁਟਾਈਆਂ ਕਰਦੀ
ਮੰਗਤੀ ਹਰ ਥਾਂ
ਧਾੜੇ ਮਾਰੇ
ਕਹਿਰ ਗੁਜ਼ਾਰੇ
ਜੂਏ ਖੇਡੇ
ਪੋਸਤ ਵੇਚੇ
ਪੀਵੇ ਨਿਤ
ਨਾ-ਜਾਇਜ਼ ਸ਼ਰਾਬਾਂ
ਰਖਦੀ ਏ
ਨਾ-ਜਾਇਜ਼ ਅਫ਼ੀਮਾਂ
ਹੱਥੀਂ ਤੈਨੂੰ
ਸਭ ਕੁਝ
ਦੱਸ ਕੇ
ਖ਼ਤਰਨਾਕ
ਰਾਹਾਂ ਤੇ ਪਾ ਕੇ
ਆਪੇ ਈ ਤੈਨੂੰ
ਊਜਾਂ ਲਾਵਣ
ਅਸਲ ਬੀਮਾਰੀ
ਕੋਈ ਨਾ ਬੁਝਦਾ
ਚੋਰ ਦੀ ਮਾਂ ਨੂੰ
ਕੋਈ ਨਾ ਫੜਦਾ

ਵਾਹ ਮਰਦੋ !

IMPORTERS EXPORTERS WHOLESALERS RETAILERS
**ROKKO SAREES & FABRICS**
S-39, GREEN PARK, NEW DELHI-16, INDIA. PHONE: 77790
OWNED AND OPERATED BY B. S. KHURANA AND SONS AND GRANDSONS

ਨਹੀਂ ਤੁਹਾਡੀਆਂ ਰੀਸਾਂ
ਜਿਹੜੇ ਤੈਨੂੰ
ਤੰਗ ਕਰ ਕਰ ਕੇ
ਕੰਮ ਅਵੱਲੇ
ਰਹੇ ਕਰਾਉਂਦੇ
ਕੰਮ ਕੁਵੱਲੇ
ਹੈਨ ਕਰਾਉਂਦੇ
ਉਨ੍ਹਾਂ ਤਾਈਂ
ਅਜ ਕੋਈ ਨਾ ਪੁੱਛੇ
ਆਖਣ ਇਹਨੂੰ
ਸ਼ਹਿਰੋਂ ਕੱਢੋ
ਆਖਣ ਇਹਨੂੰ
ਮਾਰ ਮੁਕਾਵੋ
ਆਪੇ ਈ ਚੋਰ
ਤੇ ਆਪੇ ਈ
ਚਤਰ ਇਹ
ਜਦ ਤਕ ਇਹ
ਨਿਜ਼ਾਮ ਗ਼ਲਤ ਹੈ
ਜਦ ਤਕ ਇਹ
ਸਮਾਜ ਗ਼ਲਤ ਹੈ
ਜਿਸ ਸਮਾਜ ਦੇ
ਇਹ ਹਨ ਵਾਲੀ
ਇਸ ਵਿਚ ਮੰਗਤੀਆਂ
ਜੰਮਦੀਆਂ ਰਹਿਸਣ
ਕਿਸ ਕਿਸ ਨੂੰ ਇਹ
ਸ਼ਹਿਰੋਂ ਕਢਸਣ ?
ਕਿਸ ਕਿਸ ਨੂੰ ਇਹ
ਮਾਰ ਮੁਕਾਸਣ ?
ਇਹ ਕਾਨੂੰਨ ਦੇ
ਬਾਂਕੇ ਰਾਖੇ
ਇਹ ਸਮਾਜ ਦੇ
ਥੰਮ੍ਹ ਫ਼ੌਲਾਦੀ

ਇਹ ਆਫ਼ੀਸਰ
ਇਹ ਐਡੀਟਰ
ਇਹ ਰੀਪੋਰਟਰ
ਅੰਨ੍ਹੇ ਆਪ, ਤੇ
ਜੱਗ ਦੇ ਰਹਿਬਰ
ਵਾਹੋਂ, ਦਾਹੀ
ਭੰਡਣ ਤੈਨੂੰ
ਕਿਉਂ ਨਾ ਮੁਲਾਨ
ਸਵਰਗ ਨੂੰ ਜਾਉ ?
ਕਾਸ਼ ਕਿ ਤੈਨੂੰ
ਕੋਈ ਸਮਝੇ
ਕਾਸ਼ ! ਕਿ ਤੇਰੇ
ਜ਼ਖ਼ਮਾਂ ਤੇ ਕੋਈ
ਲਾਵੇ ਹਮਦਰਦੀ
ਦੀ ਮਰਹਮ ?
ਸੱਚੇ ਦਿਲੋਂ
ਮੈਂ ਦਾਅਵਾ ਕਰ ਕੇ
ਕਹਿ ਸਕਦਾ ਹਾਂ
ਤੇਰੇ ਅੰਦਰੋਂ
ਸੋਈ ਕੰਜਕ,
ਜੀ ਉੱਠੇਗੀ
ਭੈਣ ਦੀ ਸੱਧਰ
ਵਿਲਕ ਉਠੇਗੀ
ਸੁੱਤੀ ਨਾਰੀ
ਜਾਗ ਉਠੇਗੀ
ਮਾਂ ਦੀ ਮਮਤਾ
ਤੜਫ਼ ਉਠੇਗੀ

ਅਜ ਕੋਈ ਨਹੀਂ
ਦਰਦੀ ਹਿਰਦਾ
ਜਿਹੜਾ ਅਕਲ ਦੀ
ਐਨਕ ਲਾ ਕੇ
ਤੇਰੀ ਚੰਚਲਤਾ
ਦੇ ਵਿਚੋਂ
ਤੇਰੀਆਂ ਵਹਿਸ਼ੀ
ਅੱਖੀਆਂ ਵਿਚੋਂ
ਤੇਰੇ ਰੂਪਹਿਲੀ
ਬੁੱਸੇ ਹੋਏ
ਜੁੱਸੇ ਦੇ ਅੰਦਰੋਂ
ਵੇਖੇ ਲਾਸ਼
ਤੀਮਤਪਨ ਦੀ
ਤੱਕੇ ਅਰਥੀ
ਪਿਆਰ ਤੇਰੇ ਦੀ
ਤੇਰੀਆਂ ਫ਼ਿਲਮੀਂ
ਤਾਨਾਂ ਵਿਚੋਂ
ਸੁਣ ਸਕੇ ਜੋ
ਤੇਰੇ ਹਉਕੇ
ਤੇਰੀਆਂ ਚੀਕਾਂ
ਤੇਰੇ ਸ਼ਰਾਬੀ
ਹਾਸਿਆਂ ਵਿਚੋਂ
ਵੇਖ ਸਕੇ ਜੋ
ਅੱਥਰੂ ਤੇਰੇ
ਅੰਨ੍ਹੇ ਹਨ
ਇਖ਼ਲਾਕ ਦੇ ਦੀਦੇ

ਕੋਈ ਨਹੀਂ ਸ਼ਾਇਦ
ਇਸ ਨੰਗਰੀ ਵਿਚ
ਵੇਖ ਸਕੇ ਜੋ
ਸਮਝ ਸਕੇ ਜੋ
ਕਿ ਇਸ ਮਧਰੇ . .
ਸੁੰਦਰ ਕੱਦ ਨੇ
ਇਸ ਗੋਰੇ
ਸਰਘੀ ਮੁੱਖੜੇ ਨੇ
ਕੇਡੇ, ਕੇਡੇ
ਹਬਸ਼ੀ ਤੱਕੇ ?
ਕੇਡੇ, ਕੇਡੇ
ਦੈਂਤ ਪਿਛਾੜੇ ?
ਕਿਵੇਂ, ਕਿਵੇਂ,
ਜੱਲਾਦੀਆਂ ਸਹੀਆਂ ?
ਕਿਤਨੇ ਕੁ
ਤੂਫ਼ਾਨ ਨੇ ਥੰਮ੍ਹੇ ?
ਕਿਨ੍ਹਾਂ ਭਿਆਨਕ
ਝੱਖੜਾਂ ਅੰਦਰ
ਬਲਦਾ ਰਿਹਾ ਇਹ
ਰੂਪ ਦਾ ਦੀਵਾ ?
ਤੇਰਾ ਨਾਰੀ-ਪਨ
ਨੀ ਝੱਲੀਏ !
ਕਿਵੇਂ; ਕਿਵੇਂ,
ਨੀਲਾਮ ਹੈ ਹੋਇਆ ?
ਕਿਸ, ਕਿਸ,
ਕਾਮ ਦੀ
ਭੱਠੀ ਅੰਦਰ
ਜਿਸਮ ਤੇਰਾ ਇਹ
ਬਾਲਣ ਬਣਿਆਂ ?
ਨੈਣ ਮਮੋਲੇ
ਕਿਵੇਂ ਕਿਵੇਂ ਤੇ
ਕਿਹੜੀਆਂ, ਕਿਹੜੀਆਂ ?
ਭਿਆਨਕ ਅਤੇ
ਹਨੇਰ ਗੁਫਾਂ ਵਿਚ
ਜਗਦੇ ਰਹੇ
ਬਣ ਬਣ ਕੇ ਦੀਵੇ ?

ਏਸ ਭਰੇ
ਸੰਸਾਰ 'ਚ ਮੋਦੀਏ !
ਕੋਈ ਨਾ ਕਿਧਰੇ
ਤੇਰਾ ਹਮਾਇਤੀ
ਐਨਕਾਂ ਉਹਲੇ
ਦਾਹੜੀਆਂ ਦੀਆਂ
ਦੀਵਾਰਾਂ ਉਹਲੇ
ਪੱਗਾਂ ਦੀਆਂ
ਕਬਰਾਂ ਦੇ ਹੇਠਾਂ
ਟੋਪੀਆਂ ਦਿਆਂ
ਗੁੰਬਦਾਂ ਦੇ ਥੱਲੇ
ਭੱਦਰ, ਭੱਦਰ,
ਭੇਸਾਂ, ਅਤੇ
ਪਹਿਰਾਵਿਆਂ ਅੰਦਰ
ਹਿਰਸੀ ਬੰਦੇ
ਕਾਮ ਦੇ ਪੁਤਲੇ
ਬਾਘ ਹੱਵਸ ਦੇ
ਜੋ ਤੈਨੂੰ
ਮੁਰਗ਼ਾਬੀ ਵਾਂਗੂੰ
ਖੰਭ ਤੋੜ ਕੇ
ਭੰਨ, ਭੁੰਨ ਕੇ
ਸੁੱਟ ਕਰਾਰੇ
ਲੂਣ, ਮਸਾਲੇ
ਮਾਰ ਪਚਾਕੇ
ਖਾਣ ਲਈ
ਤਈਆਰ ਨੇ ਬੈਠੇ
ਜੁੱਸਾ ਤੇਰਾ
ਜਾਣ ਕੇ ਇਕ
ਸ਼ਰਾਬ ਦਾ ਠੱਰ੍ਹਾ
ਲਾ ਲਾ ਡੀਕਾਂ
ਰਹਿੰਦਾ, ਖੂੰਹਦਾ
ਲਹੂ ਵੀ ਤੇਰਾ
ਪੀਣਾ ਚਾਹੁੰਦੇ

ਭੈੜੇ ਏਸ
ਸਮਾਜ ਦੇ ਅੰਦਰ
ਨਾਰੀ ਦਾ
ਸਨਮਾਨ ਕੋਈ ਨਹੀਂ
ਹੈਨ ਪੁਰਾਣੇ
ਜੁੱਗਾਂ ਜੁੱਗਾਂ ਤੋਂ
ਓਹੀਓ ਹੀ ਲੋਕੀਂ
ਓਹੀਓ ਈ ਅਕਲਾਂ
ਉਹੀ ਆਦਤਾਂ
ਉਹੀ ਫ਼ਿਤਰਤਾਂ
ਕੱਲ੍ਹ ਤਾਂ ਸੀ
ਇਕ 'ਸੀਤਾ' ਚੁਕੀ
ਅਜ ਹਜ਼ਾਰਾਂ
'ਸੀਤਾ' ਚੁਕੀਆਂ
ਕੱਲ੍ਹ ਸੀ ਕੇਵਲ
ਇਕ 'ਪੰਚਾਲੀ'
ਸਭਾ 'ਚ ਜਿਸ ਦੇ
ਚੀਰ ਸੀ ਖਿੱਚੇ
ਅਜ ਬੇ-ਓੜਕ
ਹੀ 'ਦਰੋਪਤਾਂ'
ਨੰਗੀਆਂ ਕਰ ਕਰ
ਪਰ੍ਹਿਆਂ ਵਿਚ
ਨਚ ਈਆਂ ਗਈਆਂ
ਜਾਣ ਨਚਾਈਆਂ
ਭੇਡਾਂ ਵਾਂਗੂੰ
ਅਜੇ ਵਿਕਦੀਆਂ

ਕੱਲ੍ਹ ਵਪਾਰੀ
ਜਾਹਿਲ ਹੈ ਸਨ
ਅਜ ਵਪਾਰੀ
ਪੜ੍ਹੇ ਲਿਖੇ ਹਨ
ਸਮਝਦਾਰੂ ਨੇ
ਉਹਨਾਂ ਨਾਲੋਂ
ਲੱਖ ਗੁਣਾਂ ਇਹ
ਹੈਨ ਗੁਨਾਹੀ
ਅੱਤਿਆ-ਚਾਰੀ
ਇਨ੍ਹਾਂ ਦਾ ਕੀਤਾ
ਪਾਪ ਵੀ ਪੁੰਨ ਹੈ
ਹੋਰ ਵੀ ਏਥੇ
ਉਹ ਕੁਝ ਹੋਇਐ
ਉਹ ਕੁਝ ਹੁੰਦੇ
ਜਿਸ ਨੂੰ ਸੋਚਿਆਂ
ਸੁਝ ਥਿੜਕਦੀ
ਜਿਸ ਨੂੰ ਲਿਖਦਿਆਂ
ਕਲਮ ਤਿੜਕਦੀ
ਦੇਸ਼ ਦੇ ਵਾਰਿਸ
ਸਾਊ ਚਿਹਰੇ
ਗਿਆਨੀ, ਧਿਆਨੀ
ਗੁਰਮੁਖ ਦਾਤੇ
ਬੀਬੀਆਂ ਸ਼ਕਲਾਂ
ਟਿੱਕਿਆਂ ਵਾਲੇ
ਦਾਹੜਿਆਂ ਵਾਲੇ
ਕਲਮਾਂ ਵਾਲੇ
ਇਲਮਾਂ ਵਾਲੇ

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
3483 KINGSWAY, VANCOUVER, B.C., CANADA. V5R 5L5-
PHONE: 438-1304 324-2557

ਆਗੂ. ਨੇਤਾ
ਦੇਸ਼ ਦੀ ਜੈ ਦੇ
ਲਾਵਣ ਨਾਅਰੇ
ਸਭਿਅਤਾ ਦੇ
ਲਾਣ ਦਮਗਜ਼ੇ
ਮਾਰਨ ਟਾਹਰਾਂ

ਨਿਗਲ, ਨਿਗਲ
ਅਸਮਤ ਦੇ ਸੁਪਨੇ
ਪੀ ਪੀ ਕੇ
ਗੀਤਾਂ ਦੇ ਚਾਨਣ
ਚੂਸ ਚੂਸ
ਕਲੀਆਂ ਦੀਆਂ ਮਹਿਕਾਂ
ਝੁਲਸ, ਝੁਲਸ
ਖ਼ਾਬਾਂ ਦੇ ਗ਼ੁੰਚੇ
ਲਫ਼ਜ਼ ਲਿਸ਼ਕਵੇਂ
ਸਿਆਹ ਕਰਤੂਤਾਂ
ਤੇਰਾ ਦਰਦ
ਕਿਵੇਂ ਇਹ ਜਾਨਣ ?
ਤੇਰਾ ਦੁੱਖ
ਕਿਵੇਂ ਇਹ ਸਮਝਣ ?
ਤੇਰੇ ਪਰਦੇ
ਲੀਰਾਂ ਲੀਰਾਂ
ਤੂੰ ਆ ਗਈ ਏਂ
ਨਜ਼ਰਾਂ ਸਾਂਹਵੇਂ
ਖ਼ਬਰੇ, ਕਿੰਨੀਆਂ
ਅਜੇ ਮੰਗਤੀਆਂ
ਪਰਦਿਆਂ ਅੰਦਰ
ਇਨ੍ਹਾਂ ਦੀ ਜਾਨ ਨੂੰ
ਰੋ ਰਹੀਆਂ ਨੇ ?
ਜਿਨ੍ਹਾਂ ਦੀ ਕਿਧਰੇ
ਸੋਅ ਨਾ ਨਿਕਲੇ
ਸੋਚ ਰਿਹਾ ਹਾਂ
ਮਿੱਟੀ ਵਿਚ ਇਹ,
ਰੁਲਦਾ 'ਹੀਰਾ'
ਸੁੱਚਾ ਮੋਤੀ
ਚੰਨ ਦਾ ਟੁਕੜਾ
ਅਰਸ਼ੀ ਤਾਰਾ

ਰਾਹਗੀਰਾਂ ਦੇ
ਪੈਰੀਂ ਰੁੱਲਦਾ
ਠੇਡੇ ਖਾਂਦਾ
ਚੁਕ ਕੇ ਕੋਈ
ਦਿਲ ਵਿਚ
ਰਖ਼ ਲਏ
ਮਿੱਧਿਆ ਫੁੱਲ ਇਹ
ਆਪਣੀ ਪੱਗ ਦੇ
ਉਪਰ ਟੰਗ ਲਏ
ਜਿਥੇ ਤੈਨੂੰ
ਕਿਸੇ ਪਾਸਿਓਂ
ਕਦੇ ਵੀ ਤੱਤੀ
ਵਾ ਨਾ ਲਗੇ
ਪਹੁੰਚ ਨਾ ਸਕੇ
ਨਿਗਹ ਕਿਸੇ ਵੀ
ਮੈਲੀ ਅੱਖ ਦੀ
ਕਾਸ਼ ! ਕਿ ਕੋਈ
ਇਸ ਦੁਨੀਆਂ 'ਚੋਂ
ਇਸ ਦੁਨੀਆਂ ਨੂੰ
ਕੰਡ ਵਿਖਾ ਕੇ
ਸਦਾ ਵਾਸਤੇ
ਤੇਰਾ ਹੋ ਜਾਏ

ਸਮਝ ਤੇਰੇ
ਜ਼ਖ਼ਮਾਂ ਨੂੰ ਤਾਰੇ
ਜਾਣ ਤੇਰੇ
ਅਮਲਾਂ ਨੂੰ ਗਜਰੇ
ਪੀ ਜਾਏ ਤੇਰੀਆਂ
ਘੋਰ, ਸਿਆਹੀਆਂ
ਖਾ ਲਏ ਤੇਰੇ
ਸਾਰੇ ਹੀ ਔਗੁਣ
ਸੱਚੀਂ, ਮੁੱਚੀਂ
ਮੈਂ ਤਾਂ ਉਸ ਨੂੰ
ਏਸ ਜੁਗ ਦਾ
ਸੱਚੇ ਦਿਲੋਂ
ਪੈਗੰਬਰ ਮੰਨਾਂ
ਕਾਸ਼ ! ਕਿਸੇ ਦੇ
ਗਲ ਲਗ ਕੇ ਤੂੰ
ਕਹਿ ਦਏਂ ਸੱਜਣਾ
'ਮੈਂ ਆਂ ਤੇਰੀ'
ਐ 'ਮੰਗਤੀ'
ਖ਼ਾਬਾਂ ਦੀ ਸ਼ਬਨਮ
ਐ ਔੜਾਂ ਦੀ
ਮਾਰੀ ਧਰਤੀ
ਐ ਗੜ੍ਹਿਆਂ ਦੀਏ
ਛੰਡੀਏ ਫ਼ਸਲੇ
ਢੇਰਾਂ ਉਤੇ
ਰੁਲਦੀਏ ਇੱਜ਼ਤੇ

ਜਨਮ ਜਨਮ ਤੋਂ
ਬਣਦੀ ਆਈਓਂ
ਐ ਇਸਤਰੀ
ਬਲੀ ਕਾਮ ਦੀ
ਏਸ ਸਮਾਜ ਦਾ
ਅਜੇ ਵੀ ਚੰਗਾ
ਖ਼ੂਨ ਨਹੀਂ ਹੈ
ਮੇਰੇ ਕੋਲ ਤਾਂ
ਤੜਪ ਹੈ ਅੜੀਏ
ਵੱਸ ਤੇਰੇ
ਕਾਨੂੰਨ ਨਹੀਂ ਹੈ
ਇਹ ਹੱਕਦਾਰ
ਇਹ ਤੇਰੇ ਸੁਦਾਗਰ
ਫੈਲੇ ਹੋਏ ਨੇ
ਤੇਰੇ ਚੁਗਿਰਦੇ
ਇਕ ਨਿਆਸਰੀ
ਇਕ ਦੁਖੀਆ ਲਈ
ਇਕ ਅਬਲਾ ਲਈ
ਇਕ ਸੁੰਦਰੀ ਲਈ
ਰਾਸ ਅਜੇ
ਮਾਹੌਲ ਨਹੀਂ ਹੈ
ਕੀਕੂੰ ਤੇਰਾ
ਬਣਾਂ ਮੁਹਾਫ਼ਿਜ਼ ?
'ਵੀਨਾ' ਮੇਰੇ
ਕੋਲ ਕਲਮ ਹੈ
ਹੱਥ ਮੇਰੇ
ਪਿਸਤੌਲ ਨਹੀਂ ਹੈ
ਕਿਸੇ ਦੇ ਹੱਥੋਂ
ਹੱਸਦੀ, ਹੱਸਦੀ
ਤੂੰ ਮਰ ਜਾਸੇਂ
ਦੁਨੀਆਂ ਉਤੇ
ਝੁਰਦਾ, ਝੁਰਦਾ
ਮੈਂ ਮੁੱਕ ਜਾਸਾਂ

ਬਾਅਦ ਦਿਨ੍ਹਾਂ ਨੇ
ਐਦਾਂ ਕਹਿਣੈ
'ਮੰਗਤੀ ਸੀ'•
'ਇਕ ਪਿਆਰ ਦੀ ਮੰਗਤੀ'
'ਪਿਆਰ ਲਈ ਜੋ
ਰਹੀ ਭਟਕਦੀ'
'ਜਿਸ ਨੂੰ ਕਿਤੋਂ
ਪਿਆਰ ਨਾ ਮਿਲਿਆ'
ਮਿੱਧੀਆਂ ਕਲੀਆਂ
ਚੁਕ ਚੁਕ ਸੀਨੇ
ਲਾਵਣ ਵਾਲਾ
ਏਸ ਜਹਾਨ ਦਾ
ਇਕ ਸ਼ੁਭ ਚਿੰਤਕ
ਏਸ ਸਮਾਜ ਤੇ
ਰੋਵਣ ਵਾਲਾ
ਇਕ ਸਿਰ ਫਿਰਿਆ
ਇਕ ਦਿਲ ਸੜਿਆ
ਸ਼ਾਇਰ ਹੈ ਸੀ
ਜਿਸ ਨੂੰ ਕੋਈ
ਸਮਝ ਨਾ ਸਕਿਆ
ਕਈ ਮੰਗਤੀਆਂ,
ਕਈ 'ਉਪਾਸ਼ਕ'
ਰੁਲ ਗਏ ਏਥੇ
ਖੱਪ ਗਏ ਏਥੇ
ਰੁਲ ਜਾਵਣਗੇ
ਖਪ ਜਾਵਣਗੇ

'ਹੀਰਾਂ, ਰਾਂਝੇ
ਸੱਸੀਆਂ, ਪੁੰਨੂੰ
ਵੇਚਣ ਵਾਲੇ
ਜੰਮਣਗੇ ਫਿਰ
ਨਵੇਂ ਮਦਾਰੀ
ਆਵਣਗੇ ਫਿਰ
ਨਵੇਂ ਵਪਾਰੀ
ਵੇਚਣਗੇ ਜੋ
ਤੇਰੀਆਂ ਹੱਡੀਆਂ
ਤੇਰੇ ਅੱਥਰੂ
ਤੇਰੇ ਤਸੱਵਰ
ਰੋ ਰੋ ਆਪਣੇ
ਰੋਣੇ ਲੇਖਕ
ਸ਼ਾਇਦ ਤੈਨੂੰ
ਕਰਨਗੇ ਰੌਸ਼ਨ
ਜੁੱਗ-ਗਰਦੀ ਦੇ
ਝੱਖੜਾਂ ਅੰਦਰ
ਉੱਡ ਜਾਸਣ
ਸੋਨੇ ਦੇ ਪਰਬਤ
ਮਰ ਮਰ ਜਾਸਣ
ਜਿੰਨ ਹਵੱਸ ਦੇ
ਮਰਨਗੇ 'ਕੈਦੋ'
ਮਰਨਗੇ 'ਖੇੜੇ'
ਹੁਸਨ ਨਹੀਂ ਮਰਨਾ
ਇਸ਼ਕ ਨਹੀਂ ਮਰਨਾ
ਮੰਗਤੀ ਇਕ
ਨਿਰਦੋਸ਼ ਤ੍ਰੀਮਤ
ਮਗਤੀ ਕੁਰਬਾਨੀ
ਦੀ ਪੁਤਲੀ
ਧਰਤੀ ਦੀ
ਤਖ਼ਤੀ ਦੇ ਉਤੇ
ਲਿਖੇ ਹੋਏ ਕੁਝ
ਨਾਵਾਂ ਅੰਦਰ
ਤੇਰਾ ਨਾਉਂ ਵੀ
ਲਿਖਿਆ ਗਿਆ ਏ

ਬੁਰਿਉਂ, ਭਲਿਓਂ
ਜਿਹੜਾ ਜਗ ਨੂੰ
ਯਾਦ ਰਹੇਗਾ
ਕੀ ਹੋਇਐ
ਤੇਰੀ ਅਸਮਤ
ਲੁੱਟ ਗਈ ?
ਕੀ ਹੋਇਐ
ਤੇਰੇ ਸੁਪਨੇ
ਸੜ ਗਏ ?
ਦਿਲ ਹੈ ਤੇਰਾ
ਅਜੇ ਪਵਿੱਤਰ
ਇਸ ਕਲਬੂਤ ਦੇ
ਵਿਚਲੀ ਕੰਨਿਆਂ
ਊਸ਼ਾ ਦੀ ਪਹਿਲੀ
ਕਿਰਨ ਦੇ ਵਾਂਗੂ
ਅਜੇ ਕੰਵਾਰੀ
ਜਿਸਮ ਤੇਰੇ ਨੂੰ
ਜਿਨ੍ਹਾਂ ਵੇਚਿਆ
ਜਿਨ੍ਹਾਂ ਖ਼ਰੀਦਿਆ
ਜਿਨ੍ਹਾਂ ਨੋਚਿਆ
ਜਿਨ੍ਹਾਂ ਨੇ ਖਾਧਾ
ਉਨ੍ਹਾਂ ਦਾ
ਛਲਕ ਵੀ
ਰੂਹ ਤੇਰੀ ਨੂੰ
ਬੱਲੀਏ ! ਦਾਗੀ
ਕਰ ਨਹੀਂ ਸਕਿਆ
ਕਰ ਨਾ ਸਕੇਗਾ

IMPORTERS EXPORTERS WHOLESALERS RETAILERS
ROKKO SAREES & FABRICS
27- SUSSEX RD., SOUTH CROYDON. LONDON. ENGLAND
Phone 688-4590
AND OPERATED BY R.C. KHURANA AND SONS AND GRANDSONS

ਤੂੰ ਲੱਖ ਚਾਹਿਐ
ਚੰਗੀ ਬਣਨਾ
ਤੇਰੇ ਰਾਖਿਆਂ
ਤੈਨੂੰ ਚੰਗੀ
ਬਣਨ ਨਾ ਦਿਤਾ

ਤੂੰ ਲੱਖ ਲੋਚੇਂ
ਚੰਗੀ ਬਣਨਾ
ਤੇਰੇ ਏਜੰਟਾਂ
ਤੇਰੇ ਗ੍ਰਾਹਕਾਂ
ਬਿਜ਼ਨਿਸਮੈਨਾਂ
ਤੈਨੂੰ ਚੰਗੀ
ਬਣਨ ਨਹੀਂ ਦੇਣਾ
ਪੂਛਾਂ ਸਿੱਧੀਆਂ
ਕਦ ਹੁੰਦੀਆਂ ਨੇ ?
ਇਕ ਸ਼ਾਇਰ ਦੀ
ਨਜ਼ਰ ਦੇ ਅੰਦਰ
ਉਹ ਹਨ ਦੋਸ਼ੀ
ਤੂ ਸੁੱਚੀਂ ਹੈਂ !

ਤੂੰ ਕੰਜਕ ਹੈਂ ?
ਆਖ਼ਿਰ ਤੇਰੇ
ਅੰਦਰੋਂ ਇਕ ਦਿਨ
ਮੋਈ ਤ੍ਰੀਮਤ
ਜੀ ਪੈਣੀ ਏਂ
ਸੁੱਤੀ ਮਮਤਾ
ਜਾਗ ਹੈ ਪੈਣੀਂ
ਓਦਿਨ ਸੂਰਜ
ਹੋਰ ਚੜ੍ਹੇਗਾ
ਓਦਿਨ ਦਾ ਚੰਨ
ਹੋਰ ਹੋਏਗਾ
ਓਦਿਨ ਅੰਬਰ
ਨਵਾਂ ਹੋਏਗਾ
ਓਦਿਨ ਧਰਤੀ
ਹੋਰ ਹੋਏਗੀ
ਓਦਿਨ ਰੱਬ ਵੀ
ਨਵਾਂ ਹੋਏਗਾ
ਸੱਚ ਤੇਰਾ
ਸਨਮਾਨ ਕਰੇਗਾ

# ਸ਼ਹਿਰ ਜਾਂ ਵੇਸਵਾ

ਸੁਖਚੈਨ ਸਿੰਘ

ਦਿੱਲੀ ਹੋਵੇ ਜਾਂ ਆਗਰਾ
ਕਿਨਾਰੀ ਬਾਜ਼ਾਰ ਹੋਵੇ ਜਾਂ
ਗੌਤਮ ਬੁੱਧਾ ਰੋਡ,
ਆਦਮੀ ਵਿਕਦਾ
ਕਦੇ ਜਿਸਮ ਬਣ ਕੇ
ਕਦੇ ਤਾਕਤ ਬਣ ਕੇ
ਕਦੇ ਵੇਸਵਾ ਬਣ ਕੇ
ਮਦੇਜ਼ਕਦੂਰ ਬਣ ਕੇ,
ਦੌਸਤ, ਸੰਵਿਧਾਨ ਕਹਿੰਦਾ

ਔਰਤ ਦਾ ਵਪਾਰ ਜੁਰਮ
ਇਸ ਲਈ ਔਰਤ ਨਹੀਂ,
ਜਦੋਂ ਔਰਤ ਦੀ ਮਿੱਟੀ ਵਿਕਦੀ
ਤਾਂ ਸੜਕਾਂ ਤੇ ਤੁਰਦੀਆਂ ਨੇ
ਮੁਰਦਾ ਲਾਸ਼ਾਂ
ਵਪਾਰੀਆਂ ਦੀਆਂ ਅੱਖਾਂ 'ਚ
ਹੋਸ਼ ਨਹੀਂ, ਸਗੋਂ ਚਾਂਦੀ ਦੀਆਂ
ਸੂਈਆਂ ਹਰਕਤ ਕਰਦੀਆਂ ਨੇ ।

# ਤਸਵੀਰ

ਗੁਰਚਰਨ
"ਰਾਮਪੁਰੀ"

ਪਿਆਰੇ ਵਤਨ !
ਮਿਰੇ ਮਨ ਉੱਤੇ
ਤੇਰੀ ਇੱਕ ਤਸਵੀਰ
ਸਦਾ ਲਈ ਅੰਕਿਤ ਹੋਈ।

ਜੋ ਫੁੱਲ ਖਿੜਿਆ ਛੱਡ ਕੇ ਆਇਆਂ,
ਕਦੇ ਨਹੀਂ ਉਹ ਮੁਰਝਾਏਗਾ ।
ਜੋ ਦੀਵੇ ਮੈਂ ਜਗਦੇ ਛੱਡੇ,
ਸਦਾ ਜਗਣਗੇ :

ਸਜੇ ਬਜ਼ਾਰ, ਨਸਦੀਆਂ ਸੜਕਾਂ, ਰੌਸ਼ਨ ਧੁੱਪਾਂ,
ਤਾਜ ਮਰਮਰੀ, ਹਰੇ ਖੇਤ ਤੇ ਲਾਲ ਕਿਲ੍ਹਾ
ਸੱਭੇ ਹੀ ਜਿਊਂਦੇ ।

ਇਕ ਖੂੰਜੇ ਮੇਰੇ ਮਿੱਤਰਾਂ ਦੇ ਹੱਥ ਉਦਾਸੇ ਹਿੱਲ ਰਹੇ ਨੇ
ਜੋ ਪਰਦੇਸ ਜਾਣ 'ਤੇ ਮੈਨੂੰ ਛੱਡਣ ਆਏ ।
ਹੋਰ ਅਨੇਕਾਂ ਚਿਹਰੇ, ਚੀਜ਼ਾਂ, ਥਾਵਾਂ ਰੰਗ-ਟਿਮਕਣੇ ਬਣੀਆਂ
ਜਿਨ੍ਹਾਂ ਨਾਲ ਮੇਰਾ ਮੋਹ ਬੱਧਾ ।

ਇਸ ਤਸਵੀਰ 'ਚ
ਮੇਰੀ ਮਾਂ ਦਾ ਭੋਰ ਭੋਰ ਮੁਰਝਾਇਆ ਚਿਹਰਾ,
ਸਭ ਤੋਂ ਵੱਧ ਗੂੜ੍ਹਾ ਹੈ ।


For the latest film music from

**INDIA & PAKISTAN**

tune in

1470 ON YOUR AM DIAL

**C. J. V. B.**

The radio voice of
Cosmopolitan Vancouver

**Programme**

THURSDAY 8—9 P.M.
FRIDAY 8—9 P.M.
SATURDAY 7—9 P.M.

BAZM—E—ADAB

Hosted by Mohd. Rafique
SATURDAY 9—10 P.M.

For advertisement and other information contact Shushma
688-9931



MOVIES FOREIGN EXCHANGE CONCERT

**SIHOTA DISTRIBUTORS**

MANAGER KARTAR SINGH AHLUWALIA

3483 KINGSWAY, VANCOUVER, B.C., CANADA. V5R 5L5-

PHONE: 438-1304 324-2557

ਪ੍ਰਿੰਸ-ਰੂਪਰਟ ਦੇ ਵਿਸ਼ੇਸ਼ ਪ੍ਰਤੀਨਿਧ ਸ੍ਰੀ ਸੁਰਦੇਵ ਜਟਾਣਾ ਦੇ ਪਿਤਾ ਜੀ ਸ੍ਰੀ ਗੁਰਦਿਆਲ ਸਿੰਘ ਦੇ ਕੈਂਸਰ ਨਾਲ ਚਲਾਣਾ ਕਰ ਜਾਣ ਤੇ 'ਵਤਨੋਂ ਦੂਰ ਪ੍ਰਬੰਧਕੀ-ਬੋਰਡ' ਉਨ੍ਹਾਂ ਦੇ ਗਮ ਦਾ ਸਾਂਝੀਵਾਲ ਬਣਦਾ ਹੈ ਅਤੇ ਵਿਛੜੀ ਰੂਹ ਦੀ ਸ਼ਾਂਤੀ ਲਈ ਦੁਆ ਕਰਦਾ ਹੈ।

'ਵਤਨੋਂ-ਦੂਰ ਪ੍ਰਬੰਧਕੀ ਬੋਰਡ'

# ਸੰਘਣਾ ਬੋਹੜ

ਸੁਰਦੇਵ 'ਜਟਾਣਾ' ਪ੍ਰਿੰਸ ਰੂਪਰਟ

(ਸਦਾ ਲਈ ਵਿਛੜੇ ਬਾਪੂ ਜੀ ਦੇ ਨਾਂ)

ਮੇਰੇ ਸਿਰ ਤੋਂ ਸੰਘਣਾ ਬੋਹੜ
ਕਿਸ ਜ਼ਾਲਮ ਦੇ ਜਬਰ ਕੁਹਾੜੇ
ਵਢਕੇ ਢੇਰੀ ਕਰ ਦਿਤਾ ਹੈ।
ਕਈ ਹੁਨਾਲੇ ਕਈ ਸਿਆਲੇ
ਜਿਸ ਦੀ ਆੜ ਹਮੇਸ਼ਾ ਮਾਣੀ
ਕਿਸ ਨੇ ਕਟਾ ਕੇ ਧਰ ਦਿਤਾ ਹੈ।
ਧੁਪਾਂ ਸਭ ਉਸ ਝਲੇ
ਸੁਖ ਮੇਰੇ ਦੁੱਖ ਉਸਦੇ ਕੱਲੇ
ਅਜ ਮੇਰਾ ਸਾਰਾ ਹੀ ਜੀਵਨ
ਕਿਸ ਦੁਖਾਂ ਨਾਲ ਭਰ ਦਿੱਤਾ ਹੈ।
ਮਾਂ ਮੇਰੀ ਦੇ ਖੰਭ ਖੁਆਚੇ
ਅਜ ਉਹ ਦਿਲ ਦੀ ਬੇਵਸ ਹੋਈ
ਕੀਤੀਆਂ ਉਸ ਫਰਿਆਦਾਂ ਬੜੀਆਂ
ਤੜਫੀ, ਪਿੱਟੀ ਡਾਢਾ ਰੋਈ
ਪਰ ਜ਼ਾਲਮ ਨੂੰ ਤਰਸ ਨਾ ਆਇਆ
ਕਰ ਜਿਸ ਨੇ ਬੇਘਰ ਦਿੱਤਾ ਹੈ।

ਹਰ ਦਰਖ਼ਤ ਦੈਂਤ ਹੈ ਦਿਸਦਾ
ਅਜ ਸਹਾਰਾ ਲਭਾਂ ਕਿਸਦਾ
ਕਿਉਂ ਨੇਰਾ ਹੀ ਨੇਰਾ ਹੋਇਆ
ਕਿਸ ਨੇ ਮੰਤਰ ਪੜ੍ਹ ਦਿਤਾ ਹੈ।
ਵੇਖ ਮੇਰੀ ਨਿੱਕੀ ਜਿਹੀ ਟੁੱਬਰੀ
ਜਿਸਦਾ ਰਿਹਾ ਨਾ ਕੋਈ ਟਿਕਾਣਾ
ਜਿਸ ਦੇ ਸਿਰ ਤੇ ਹੌਕੇ ਹਾਵੀ
"ਭ ਵਿੱਖ ਹਨੇਰਾ" ਕਰ ਦਿਤਾ ਹੈ।
ਦੱਸ ਤੇਰਾ ਕੀ ਭਾਣਾ ਹੈ ਇਹ
ਅੰਬਰੋਂ ਚੁੱਕ ਧਰਤੀ ਤੇ ਸੁੱਟਿਆ
ਮਸੂਮਾਂ ਦਾ ਇਹ ਆਲਣਾ
ਕਿਉਂ ਤੀਲਾ ਤੀਲਾ ਕਰ ਦਿਤਾ ਹੈ।
ਮੇਰੇ ਸਿਰ ਦਾ ਸੰਘਣਾ ਬੋਹੜ
ਕਿਸ ਜਾਲਮ ਦੇ ਜਬਰ ਕੁਹਾੜੇ
ਵੱਢ ਕੇ ਢੇਰੀ ਕਰ ਦਿੱਤਾ ਹੈ।

# ਪੰਜਾਬੀ ਲਿਟਰੇਰੀ ਐਸੋਸ਼ੀਏਸ਼ਨ ਵੈਨਕੋਵਰ

*ਸਾਹਿਤਕ ਮੀਟਿੰਗ ਮੁੜ ਹਰ ਦੋ ਹਫਤੇ ਪਿਛੋਂ ਅਤੇ ਸਾਲਾਨਾ ਚੋਣ 2 ਜੂਨ 1974 ਨੂੰ*

*ਉਪਰੋਕਤ ਜਥੇਬੰਦੀ ਦੀ ਜਨਰਲ ਮੀਟਿੰਗ ਵਿਚ ਵਿਚਾਰ ਵਟਾਂਦਰੇ ਪਿਛੋਂ ਇਹ ਫੈਸਲਾ ਕੀਤਾ ਗਿਆ ਹੈ ਕਿ ਸਭਾ ਦੀ ਮੀਟਿੰਗ ਮੁੜਕੇ ਪਹਿਲਾਂ ਵਾਂਗ ਹਰ ਦੂਜੇ ਐਤਵਾਰ ਨੂੰ ਕੀਤੀ ਜਾਇਆ ਕਰੇਗੀ। ਵੈਨਕੋਵਰ ਤੇ ਆਲੇ ਦੁਆਲੇ ਦੇ ਸ਼ਹਿਰਾਂ ਵਿਚ ਵਸਦੇ ਪੰਜਾਬੀ ਲੇਖਕਾਂ ਤੇ ਸਾਹਿਤ ਨਾਲ ਸਨੇਹ ਰੱਖਣ ਵਾਲੇ ਹੋਰ ਸੱਜਣਾਂ ਨੂੰ ਸਭਾ ਦੀਆਂ ਇਨ੍ਹਾਂ ਸਾਹਿਤਕ ਮੀਟਿੰਗਾਂ ਵਿਚ ਸ਼ਾਮਲ ਹੋਣ ਲਈ ਦਾਅਵਤ ਦੇਣ ਦਾ ਫੈਸਲਾ ਵੀ ਕੀਤਾ ਗਿਆ। ਸਭਾ ਦੇ ਨਵੇਂ ਮੈਂਬਰਾਂ ਵਿਚ ਉੱਘੇ ਵਿਗਿਆਨ-ਲੇਖਕ ਸਰਦਾਰ ਅਜਮੇਰ ਸਿੰਘ ਕਰਤਾ 'ਵਿਸ਼ਵ ਦੀ ਨੁਹਾਰ' ਤੇ ਉਹਨਾਂ ਦੀ ਧਰਮ ਪਤਨੀ ਸੁਰਜੀਤ ਸ਼ਾਮਲ ਹਨ।*

*ਅਗਲੀ ਮੀਟਿੰਗ 2 ਜੂਨ 1974, ਐਤਵਾਰ ਸਵੇਰੇ ਠੀਕ 10 ਵਜੇ ਮਾਉਂਟ ਪਲੈਜ਼ੰਟ ਇਨਫਰਮੇਸ਼ਨ ਸੈਂਟਰ 758 ਈਸਟ ਬਰਾਡਵੇ ਵੈਨਕੋਵਰ ਵਿਖੇ ਹੋਵੇਗੀ। ਸਾਰੇ ਮੈਂਬਰਾਂ ਨੂੰ ਠੀਕ ਸਮੇਂ ਸਿਰ ਪੁਜਣ ਦੀ ਅਪੀਲ ਕੀਤੀ ਜਾਂਦੀ ਹੈ। ਸਭਾ ਦੀ ਸਾਲਾਨਾ ਚੋਣ 2 ਜੂਨ 1974 ਨੂੰ ਹੋਣ ਵਾਲੀ ਮੀਟਿੰਗ ਵਿਚ ਕੀਤੀ ਜਾਵੇਗੀ।*


ਵਤਨੋਂ ਦੂਰ
ਲਈ
ਰਚਨਾਵਾਂ, ਸੁਝਾ ਤੇ ਚੰਦਾ ਭੇਜਣ ਦਾ ਪਤਾ
P.O BOX 1041
COQUITLAM, B.C.

MR. JOSHI AND BABU

ANOUNCES

THE OPENING OF

# ECTA AUTO SERVICE

5587 IMPERIAL ST.
BURNABY

PHONE
434-4110

FRONT END ALIGNMENT EXPERT

WE SPECIALISE IN REPAIRS OF AMERICAN AND IMPORTED CARS INCLUDING CITROEN & PEUGEOT

# ਐਕਟਾ ਆਟੋ ਸਰਵਿਸ

5587 ਇਮਪੀਰੀਅਲ ਸਟਰੀਟ,
ਬਰਨਬੀ, ਬੀ. ਸੀ.

ਫੋਨ: 434-4110

ਸਿਰਫ਼ੇ ਫਰੰਟ ਇੰਡ ਅਲਾਈਨਮੈਂਟ ਦੇ ਮਾਹਰ ਹਨ, ਅਮਰੀਕਨ ਤੇ ਇਮਪੋਰਟਿਡ ਕਾਰਾਂ (ਸਿਟਰਨ ਤੇ ਪਿਊਜਟ) ਦੀ ਹਰ ਕਿਸਮ ਦੀ ਮੁਰੰਮਤ ਤਸੱਲੀ ਬਖ਼ਸ਼ ਕਰਦੇ ਹਨ।

FOR NIGHT TIME SERVICE
CALL

IN SURREY
581-0823

IN BURNABY & VANCOUVER
437-6883

WE HONOUR CHARGEX & MASTER CHARGE

# EAST-WEST QUALITY-WEAR



1290-E.12 (AT KNIGHT)
VANCOUVER, B.C.
(PHONE: 876-7901)

&

7220-MAIN (AT 57th AV.)
VANCOUVER, B.C.
(PHONE: 325-5414)

We are on the top for latest designs, Color and Quality in all types of fabrics, for Sarees & Suits, Salwar-Qamiz, Shirts, Sweeters, Children Wears, Turbans and many more.

DIRECT IMPORTER-EXPORTER, RETAILER & WHOLESALER FROM INDIA, ENGLAND, JAPAN, HONGKONG, TAIWAN, KOREA & OFFICES IN MANY PARTS OF THE WORLD.

*We specialize in everything we sell*
(WHOLESALE & RETAIL)

RESIDENT REPRESENTATIVE IN CANADA:

## M. S. LAIL

ਦਾਜ, ਵਰੀ ਤੇ ਘਰੇਲੂ ਲੋੜਾਂ ਲਈ ਤੁਹਾਡੇ, ਖੂਬਸੂਰਤ ਸੂਟ, ਸਾੜ੍ਹੀਆਂ, ਸਾਫੇ, ਸਵੈਟਰ, ਪੱਗਾਂ ਤੇ ਬੱਚਿਆਂ ਦੇ ਕੱਪੜਾ ਆਦਿ ਖਰੀਦਣ ਸਮੇਂ ਇਸਟ ਵੈਸਟ ਦਾ ਨਾਂ ਯਾਦ ਰੱਖੋ!
ਜਿੰਨਾਂ ਦਾ ਕੇਵਲ ਨਾਹਰਾ ਹੀ ਨਹੀਂ ਸਗੋਂ ਸਾਬਤ ਹੋ ਚੁੱਕਾ ਹੈ ਕਿ ਕੈਨੇਡਾ ਵਿੱਚ ਜਿੰਨਾ ਤੇ ਸਸਤਾ, ਸੁੰਦਰ ਤੇ ਵਧੀਆ ਕੱਪੜਾ ਤੁਹਾਨੂੰ ਕਿਤੇ ਵੀ ਨਹੀਂ ਮਿਲਦਾ।
ਹਰ ਹਫ਼ਤੇ ਨਵੇਂ ਰੰਗ ਤੇ ਡੀਜ਼ਾਈਨ, ਖੁੱਲ੍ਹਾ ਡੁੱਲ੍ਹਾ ਮਨ-ਪਸੰਦ ਕੱਪੜਾ, ਪਰਖੋ ਤੇ ਦੇਖ,

# ਲਾਸ਼ ਕੰਬਦੀ ਰਹੀ



ਉਸਦੇ ਕਦਮਾਂ ਦੀ ਆਵਾਜ਼ ਵਿਚ ਉਸਨੂੰ ਸੁੰਦਰ ਦੇ ਲਫਜ਼ਾਂ ਦੀ ਆਵਾਜ਼ ਸੁਣ ਰਹੀ ਸੀ। ਉਸਦੇ ਚੇਹਰੇ ਉਤੇ ਕਦੇ ਕਦੇ ਰੌਣਕ ਖਿਲਰ ਜਾਂਦੀ। ਇਹ ਰੌਣਕ ਕੁਝ ਦੇਰ ਮਗਰੋਂ ਕਿਸੇ ਤੇਜ਼ ਹਨੇਰੀ ਵਰਗੇ ਖਿਆਲ ਨਾਲ ਕਿਧਰੇ ਹੀ ਉਡ ਜਾਂਦੀ। ਉਸਨੂੰ ਆਪਣਾ ਸਿਰ ਬੋਝਲ ਜਿਹਾ ਲਗਣ ਲਗ ਪੈਂਦਾ। ਉਸਨੂੰ ਇੰਜ ਭੀ ਅਨੁਭਵ ਹੁੰਦਾ ਜਿਵੇਂ ਕੋਈ ਅਧ-ਮੋਈ ਲਾਸ਼ ਦਾ ਬੋਝ ਉਸਦੇ ਸਿਰ ਉਤੇ ਟਿਕ ਗਿਆ ਹੋਵੇ। ਉਹ ਲੜਖੜਾਂਦਿਆਂ ਕਦਮਾਂ ਨਾਲ ਤੁਰ ਰਹੀ ਸੀ ਜਿਵੇਂ ਉਸ ਬੋਝ ਦੇ ਮਾਰੇ ਲਤਾਂ ਨੂੰ ਅਗੇ ਘੜੀਸ ਰਹੀ ਹੋਵੇ। ਇੰਜ ਉਹ ਭੀੜੀਆਂ ਗਲੀਆਂ ਵਿਚੋਂ ਲੰਘ ਰਹੀ ਸੀ, ਮਹਲੇ ਦੀਆਂ ਇਮਾਰਤਾਂ ਨੂੰ ਪੁਛੇ ਸੁੱਟ ਰਹੀ ਸੀ। ਇਸ ਤਰ੍ਹਾਂ ਪ੍ਰੇਮੀ ਨੇ ਦੋਵੇਂ ਮਹਲੇ ਟੱਪਾ ਲਏ ਸਨ ਤੇ ਆਖਰ ਉਸਨੂੰ ਆਪਣੇ ਘਰ ਦੀਆਂ ਪਿਲੀਆਂ ਜਿਹੀਆਂ ਇਟਾਂ ਭੀ ਦਿਸ ਪਈਆਂ ਸਨ। ਸੋਚਦਿਆਂ ਸੋਚਦਿਆਂ ਕਿੰਨੇ ਵਰ੍ਹੇ ਟਪ ਗਏ ਸਨ ਪਰ ਇਹਨਾਂ ਖੁਰਦੀਆਂ ਇਟਾਂ ਉਤੇ ਸੀਮਿੰਟ ਨਹੀਂ ਸੀ ਲਗਿਆ। ਪਰ ਅਜ ਉਸਨੂੰ ਆਪਣੀ ਤਾਂਘ ਨੇਪਰੇ ਚੜ੍ਹਦੀ ਦਿਸ ਰਹੀ ਸੀ। ਉਸਦੇ ਚੇਹਰੇ ਉਤੇ ਕੋਈ ਰੌਣਕ ਫਿਰ ਛਾ ਗਈ ਪਰ ਫੇਰ ਕਿਸੇ ਹਨੇਰੀ ਵਰਗੇ ਬੁਲੇ ਦੇ ਨਾਲ ਇਹ ਰੌਣਕ ਭੀ ਉਡ ਗਈ..... ਉਸਦੇ ਸਿਰ ਉਤੇ ਟਿਕੀ ਹੋਈ ਲਾਸ਼ ਔਖੇ ਸਾਹ ਭਰਨ ਲਗ ਪਈ ਜਿਵੇਂ ਉਹ ਮਰਨਾ ਸੀ ਚਾਹੁੰਦੀ......

ਉਹ ਸੁਭਾਵਕ ਝਾਕਣੀ ਬੂਹੇ ਦੇ ਘੁਣ ਖਾਧੇ ਚੋਖਟੇ ਵਲ ਤਕ ਰਹੀ ਸੀ। ਤਖਤਿਆਂ ਵਿਚ ਚੱਪੇ ਚੱਪੇ ਦੀਆਂ ਵਿਰਲਾਂ ਉਸਨੂੰ ਘੂਰ ਰਹੀਆਂ ਸਨ। ਉਸਨੇ ਆਪਣੇ ਪੈਰ, ਜਿਨ੍ਹਾਂ 'ਤੇ ਹਾਲੇ ਭੀ ਸੁਆਹ ਦੇ ਛਿੱਟ ਦਿਸ ਰਹੇ ਸਨ, ਘੁਣ ਖਾਧੀ ਦੇਹਲੀ ਉਤੇ ਟਿਕਾ ਲਏ। ਫੇਰ ਉਸਨੇ ਤਖਤਿਆਂ ਦੀ ਅਰਲ ਖੋਲ ਦਿਤੀ। ਭਾਂ ਭਾਂ ਕਰਦਾ ਵਿਹੜਾ ਭੀ ਉਸਨੂੰ ਘੂਰ ਰਿਹਾ ਸੀ। ਉਸਦੀਆਂ ਲੱਤਾਂ ਵਿਚ ਕੰਬਣੀ ਸੀ, ਉਸਦੇ ਅੱਧ ਸੁਕੇ ਹੱਥਾਂ ਦੀਆਂ ਉਂਗਲਾਂ ਦੇ ਸਨ੍ਹਾਂ ਵਿਚ ਸੁਆਹ ਦਾ ਟਾਵਾਂ ਟਾਵਾਂ ਜ਼ੱਰਾ ਦਿਸ ਰਿਹਾ ਸੀ। ਉਹ ਦੇਹਲੀਉਂ ਅੰਦਰ ਲੰਘ ਆਈ......ਦੋ ਮਹਲਿਆਂ ਦੇ ਪੈਂਡੇ ਤੋਂ ਬਾਅਦ ਅੱਜ ਉਹ ਪਤਾ ਨਹੀਂ ਕਿਉਂ ਏਨਾ ਅੰਬ ਗਈ ਸੀ ਤੇ ਭੀੜੀਆਂ ਗਲੀਆਂ ਉਸਨੂੰ ਅਜ ਹੋਰ ਭੀ ਭੀੜੀਆਂ ਲਗਦੀਆਂ ਰਹੀਆਂ ਸਨ।

ਫੇਰ ਉਹ ਅੰਦਰ ਸਵਾਤ ਵਲ ਵਲੀ ਗਈ। ਛੱਤ ਨਾਲ ਲਟਕ ਰਹੇ ਟੋਕਰੇ ਵਿਚ ਉਸਦਾ ਕੁਕੂ ਗੂੜ੍ਹੀ ਨੀਂਦਰ ਸੁੱਤਾ ਹੋਇਆ ਸੀ। ਉਸਦੇ ਅਣ-ਧੋਜੇ ਮੂੰਹ ਨੂੰ ਵੇਖ ਕੇ ਪ੍ਰੇਮੀ ਦੇ ਦਿਲ ਅੰਦਰ ਖੋਹ ਜਿਹੀ ਪੈਣ ਲਗ ਪਈ। ਉਸਨੇ ਬਾਲ ਨੂੰ ਟੋਕਰੇ ਵਿਚੋਂ ਕੱਢ ਕੇ ਛਾਤੀ ਨਾਲ ਲਾ ਲਿਆ ਤੇ ਫੇਰ ਪੋਲੀ ਜਿਹੀ ਘੁਟਣੀ ਘੁਟ ਲਿਆ। ਉਸਦੀਆਂ ਅੱਖਾਂ ਵਿਚੋਂ ਮਮਤਾ ਦੇ ਆਂਸੂ ਨਿਕਲਣ ਲਗ ਪਏ। ਦੁਧ ਸੁਟਦੇ ਜੁਆਕ ਨੂੰ ਕੀ ਇਕਲਿਆਂ ਛਡਣਾ ਹੁੰਦਾ ਹੈ......ਦੁਧ ਦੇ ਮੁਸ਼ਕ ਤੇ ਤਾਂ ਬਿਲੀ ਭੀ ਭਜ ਕੇ ਆਉਂਦੀ ਹੈ...... ਸਾਰਾ ਦਿਨ ਮੌਤ ਦੇ ਮੂੰਹ 'ਚ ਬਚੇ ਨੂੰ ਪਿਆ ਵੇਖ ਕੇ ਪ੍ਰੇਮੀ ਦੇ ਖਿਆਲ ਨਾਜ਼ਕ ਜਿਹੇ ਹੋ ਗਏ ਸਨ ਤੇ ਉਸਦਾ ਦਿਲ ਡੁਬਣ ਜਿਹਾ ਲਗ ਪਿਆ ਸੀ। ਫੇਰ ਉਸ ਨੇ ਬੱਚੇ ਦੇ ਹੋਂਠਾਂ ਨੂੰ ਚੁੰਮ ਲਿਆ ਤੇ ਇਕ ਸਿਸਕੀ ਭਰ ਕੇ ਉਸਨੂੰ ਛਾਤੀ ਨਾਲ ਚਮੋੜ ਲਿਆ। ਕਿਡੀ ਮਜਬੂਰੀ ਸੀ, ਏਨਾ ਕੁਝ ਜਾਣਦਿਆਂ ਬੁਝਦਿਆਂ ਭੀ ਕੁਕੂ ਨੂੰ ਇਕਲਿਆਂ ਛਡਣਾ ਹੁੰਦਾ ਸੀ। ਆਪਣੇ ਦਿਲ ਦੇ ਟੁਕੜੇ ਨੂੰ ਰਬ ਦੇ ਆਸਰੇ ਛਡਣਾ ਹੁੰਦਾ ਸੀ ਮਾਲਕਣ ਕਹਿੰਦੀ ਸੀ— "ਜੇ ਨੌਕਰੀ ਕਰਨੀ ਹੈ ਤਾ ਖੁਸ਼ੀ ਨੂੰ ਜੁਆਕਾਂ ਨੂੰ ਘਰ ਲਿਆ ਕੇ ਗੰਦ ਖਲਾਰਿਆ ਕਰ। ਨੌਕਰੀ ਗੰਦ ਹੂੰਝਣ ਦੀ ਹੈ ਗੰਦ ਖਿਲਾਰਨ ਦੀ ਨੀ......।" "ਕੁੜੇ ! ਮੇਰਾ ਲਾਲ ਕਿਥੇ ਗੰਦ ਖਿਲਾਰਦੈ" ਇਹ ਕਹਿਕੇ ਉਸਨੇ ਬਚੇ ਨੂੰ ਸੀਨੇ ਨਾਲ ਲਾ ਲਿਆ। ਫੇਰ ਉਸਨੇ ਉਸਦੇ ਭਿਜੇ ਪੋਤੜੇ ਨੂੰ ਪਰੇ ਸੁਟ ਦਿਤਾ ਤੇ ਉਸਦੇ ਨੰਗੇ ਜਿਸਮ ਨੂੰ ਤਕਣ ਲਗ ਪਈ...... ਉਸਦੀਆਂ ਲਤਾਂ ਨੂੰ, ਪੈਰਾਂ ਨੂੰ ਤੇ ਫੇਰ ਪੈਰਾਂ ਦੀਆਂ ਉਂਗਲਾਂ ਨੂੰ।......"ਚੌਬਰ ਹੋ ਕੇ ਪਿਉ ਤੇ ਮੜ੍ਹੰਗਾ ਜਾਊ ਇਹਦਾ"—ਉਹ ਸੋਚ ਰਹੀ ਸੀ ਤੇ ਸੋਚਦਿਆਂ ਹੀ ਉਹ ਸੁਸਤ ਜਿਹੀ ਹੋ ਗਈ। ਤੇ ਉਸਨੂੰ ਇੰਜ ਲਗਿਆ—ਜਿਵੇਂ ਸਿਰ ਉਤੇ ਟਿਕੀ ਹੋਈ ਅੱਧ-ਮੋਈ ਲਾਸ਼ ਤੜਫ ਰਹੀ ਹੋਵੇ......

IMPORTERS EXPORTERS WHOLESALERS RETAILERS
ROKKO SAREES & FABRICS
635-BLOOR STREET WEST. TORONTO. ONTARIO. CANADA
Phone 533-1106
OWNED AND OPERATED BY B.S. KHURANA AND SONS AND GRANDSONS

ਫੇਰ ਪ੍ਰੇਮੀ ਬਾਣ ਦੀ ਮੰਜੀ ਡਾਹੁਣ ਲਗ ਪਈ। ਮੰਜੀ ਨੂੰ ਉਲਾਰਦਿਆਂ ਹੀ ਉਸ ਦੀ ਨਿਗਾਹ ਮੰਜੀ ਦੀ ਦੌਣ ਤੇ ਜਾ ਪਈ। --ਦੌਣ ਟੁਟੀ ਹੋਈ ਏ, ਟੁਟੀ ਦੌਣ ਕਰਕੇ ਮੰਜੀ ਕਸੀ ਨਹੀਂ ਜਾਂਦੀ। ਤੇ ਏਨਾ ਸੋਚਦਿਆ ਹੀ ਉਹ ਮੰਜੀ ਦੀ ਬਾਹੀ ਤੇ ਬੈਠ ਗਈ ਲਮਕਦੀਆਂ ਟੁਟੀਆਂ ਹੋਈਆਂ ਰਸੀਆਂ ਵਾਲੇ ਬੁਣੇ ਹੋਏ ਬਾਣ ਤੇ ਜਾ ਬੈਠੀ। ਪਰ ਉਹ ਬੈਠੀ ਨਹੀਂ ਸੀ ਲਗਦੀ, ਘੁਰਨੇ ਜਿਹੀ ਮੰਜੀ ਵਿਚ ਡਿਗੀ ਦਿਸਦੀ ਸੀ। ਫੇਰ ਪ੍ਰੇਮੀ ਨੇ ਛਾਤੀ ਤੋਂ ਕੁੜਤੀ ਉਚੀ ਚੁਕੀ ਤੇ ਸਜੀ ਦੁਧੀ ਕੁਕੂ ਦੇ ਹੋਠਾਂ ਨੂੰ ਲਾ ਦਿਤੀ। ਬਾਲ ਚੁਸਕੀਆਂ ਭਰ ਭਰ ਚੁੰਘਣ ਲਗ ਪਿਆ। ਪ੍ਰੇਮੀ ਇਕੋ ਟਕ ਕਿਸੇ ਸੋਚ ਵਲ ਤਕ ਰਹੀ ਸੀ। ਉਸਦੀ ਸੋਚ ਕਿਸੇ ਕਤਲ ਵਰਗੀ ਹੋ ਗਈ ਸੀ। ਉਸਨੂੰ ਅਧ-ਮੋਈ ਲਾਸ਼ ਦਾ ਖਿਆਲ ਆ ਰਿਹਾ ਸੀ। ਸੋਚਦੀ ਸੀ—ਇਸਨੂੰ ਕਤਲ ਕਰ ਸੁਟਾਂ ਤੇ ਜਾਂ ਫਿਰ ਕੋਈ ਮਰਹਮ ਪਟੀ ਕਰ ਦੇਵਾਂ। ਪਰ ਉਹ ਚੁਪ ਸੀ—ਦੁਚਿਤੀ ਵਿਚ ਫਸੀ ਹੋਈ ਚੁਪ ਉਸਦੇ ਹੋਠਾਂ ਤੇ ਦਿਸ ਰਹੀ ਸੀ......

ਇੰਜ ਲਗਦਾ ਸੀ ਜਿਵੇਂ ਪ੍ਰੇਮੀ ਦੇ ਬੁਲ੍ਹਾਂ ਉਤੇ ਟਿਕੀ ਹੋਈ ਚੁਪ ਨੂੰ ਘਰ ਦੀ ਹਰ ਸ਼ੈਅ ਚੁਪ ਚਾਪ ਤਕ ਰਹੀ ਹੋਵੇ। ਪਰ ਇਸ ਚੁਪ ਨੂੰ ਕਦੇ ਕਦੇ ਕੁਕੂ ਦੇ ਹੋਠਾਂ ਦੀਆਂ ਚੁਸਕੀਆਂ ਤੋੜ ਦਿੰਦੀਆਂ ਸਨ। ਪ੍ਰੇਮੀ ਇਕੋ ਟਕ ਸਾਹਮਣੀ ਕੰਧ ਨੂੰ ਤਕ ਰਹੀ ਸੀ ਜਿਵੇਂ ਕਿਸੇ ਡੂੰਘੇ ਕਿਆਸ ਵਿਚ ਡੁਬੀ ਹੋਈ ਉਸ ਕੰਧ ਨੂੰ ਪੜ੍ਹ ਰਹੀ ਹੋਵੇ। ਪਰ ਇਹਨਾਂ ਸੋਚਾਂ ਨੇ ਉਹਨੂੰ ਕੋਈ ਹਲ ਨਹੀਂ ਸੀ ਦਿਤਾ ਸਗੋਂ ਉਸਦੀ ਦੁਚਿਤੀ ਪਲ ਪਲ ਸੰਘਣੀ ਹੁੰਦੀ ਜਾਂਦੀ ਸੀ। ਉਹਦੀਆਂ ਅਖਾਂ ਦੇ ਸਾਹਵੇਂ ਸੁੰਦਰ ਦੇ ਬਿੰਬ ਬਣ ਰਹੇ ਸਨ ਕਦੇ ਕਦੇ ਉਹ ਆਪਣੇ ਜਿਸਮ ਨੂੰ ਉਸਦੀਆਂ ਪੱਲੀਆਂ ਬਾਹਾਂ ਦੇ ਵਿਚ ਅਨੁਭਵ ਕਰ ਰਹੀ ਸੀ। ਉਹ ਇਕ ਪਲ ਦੇ ਲਈ ਆਪਣੇ ਆਪਨੂੰ ਸੇਠਾਨੀ ਮਹਿਸੂਸ ਕਰਦੀ। ਮਾਲਕਣ ਦੇ ਲਾਡਲੇ ਪੁਤਰ ਨੇ ਉਸਨੂੰ ਜਿਵੇਂ ਧੰਨ ਦੌਲਤ ਨਾਲ ਮਾਲੋ-ਮਾਲ ਕਰ ਦਿਤਾ ਹੋਵੇ। ਉਸਨੂੰ ਜ਼ਿੰਦਗੀ ਦੀਆਂ ਸਧਰਾਂ ਨੇਪਰੇ ਚੜ੍ਹਦੀਆਂ ਦਿਸ ਰਹੀਆਂ ਸਨ। ਪਰ ਫੇਰ ਭੀ ਉਸਦੇ ਮਨ ਨੇ ਸ਼ਾਹਦੀ ਨਹੀਂ ਸੀ ਭਰੀ—ਇੰਜ ਸੁੰਦਰ ਨੂੰ ਆਪਣੇ ਜਿਸਮ ਵੇਚ ਦੇਵੇ ਜਾਂ ਨਾ। ਉਹ ਉਸੇ ਤਰ੍ਹਾਂ ਸ਼ਸ਼ੋਪੰਜ ਵਿਚ ਉਲਝੀ ਹੋਈ ਸੀ ਜਿਵੇਂ ਸੁੰਦਰ ਦੀ ਰਮਜ਼ ਦੇ ਨਾਲ ਉਸਦੀ ਅੱਖ ਦੀ ਤਕਣੀ ਉਲਝ ਗਈ ਸੀ। ਸੋਚਦਿਆਂ ਸੋਚਦਿਆਂ ਉਸਨੂੰ ਇੰਜ ਅਨੁਭਵ ਹੋਇਆ ਜਿਵੇਂ ਉਸ ਦੀ ਗੱਲ੍ਹ ਉਤੇ ਓਪਰੀਆਂ ਉਂਗਲਾਂ ਨੇ ਚੂੰਢੀ ਭਰ ਲਈ ਹੋਵੇ।......ਤੇ ਫੇਰ ਉਹ ਸਾਰੀ ਦੀ ਸਾਰੀ ਕੰਬ ਉਠੀ ਤੇ ਉਸਨੂੰ ਇੰਜ ਮਹਿਸੂਸ ਹੋਇਆ ਜਿਵੇਂ ਉਹ ਹੁਣ ਕੋਈ ਵੇਸਵਾ ਬਣ ਗਈ ਹੋਵੇ...ਤੇ ਫੇਰ ਉਸ ਨੂੰ ਆਪਣੀਆਂ ਦੁਧੀਆਂ ਉਤੇ ਕੁਕੂ ਦੀਆਂ ਚੁਸਕੀਆਂ ਭੀ ਕਿਸ ਓਪਰੇ ਮਰਦ ਦੀ ਛੂਹ ਲਗ ਰਹੀਆਂ ਸਨ।

ਉਸਨੇ ਸਜੇ ਪਾਸੇ ਦੀ ਦੁਧੀ ਕੁਕੂ ਦੇ ਮੂੰਹ ਵਿਚ ਕਢ ਲਈ ਤੇ ਉਹ ਵਿਲਕਣ ਲਗ ਪਿਆ। ਉਸਨੇ ਕੁਕੂ ਦਾ ਮੂੰਹ ਖੱਬੀ ਬਗਲ ਵਲ ਬਦਲ ਦਿਤਾ ਤੇ ਉਸਦੇ ਮੂੰਹ ਵਿਚ ਖੱਬੀ ਦੁਧੀ ਦੇ ਦਿਤੀ। ਉਹ ਫੇਰ ਡੀਕ ਲਾ ਕੇ ਚੁੰਘਣ ਲਗ ਪਿਆ। ਦੁਧੀਆਂ ਦੇ ਦਰਦਾਂ ਤੋਂ ਅਣ-ਜਾਣ ਵਿਚ......ਆਪਣੀ ਮਾਂ ਦੇ ਦਰਦਾਂ ਤੋਂ ਅਣ-ਭੋਲ ਹੀ। ਪ੍ਰੇਮੀ ਉਸਦੇ ਸਾਰੇ ਜਿਸਮ ਨੂੰ ਤਕ ਰਹੀ ਸੀ। ਉਸਨੂੰ ਕੁਕੂ ਕਿੰਨਾ ਸਿਆਣਾ ਲਗ ਰਿਹਾ ਸੀ। ਸੋਚਦੀ ਰਹੀ—ਸਾਰਾ ਸਾਰਾ ਦਿਨ ਸੁਤਾ ਰਹਿੰਦਾ ਹੈ, ਕਿਤੇ ਗੂੰਗਾ ਨਾ ਰਹਿ ਜਾਵੇ—ਉਹਦੇ ਅੰਦਰ ਇਕ ਸਿਸਕੀ ਜਿਹੀ ਉਡ ਪਈ.........ਹੁਣ ਇਹਨੂੰ ਬੁਲਾਇਆ ਕਰੂੰਗੀ, ਲੋਰੀਆਂ ਦਿਆ ਕਰੂੰਗੀ ਫੇਰ ਉਸਦੀਆਂ ਅਖਾਂ ਅਗੇ ਇਕ ਨਕਸ਼ਾ ਜਿਹਾ ਗੁਚਤਨ ਲਗ ਪਿਆ—ਪਹਿਲੇ ਪਹਿਰ ਉਠ ਪੈਣਾ......ਬਕਰੀ ਚੋਣ ਲਗ ਪੈਣੀ......ਤੇ ਫੇਰ ਚਲੇ 'ਚ ਛਿਟੀਆਂ ਡਾਹ ਦੇਣੀਆਂ......ਰੋਟੀਆਂ ਲਾਹੁਣੀਆਂ......ਚਾਹ ਦੇ ਚਾਰ ਡੱਕੇ ਉਬਾਲਣੇ......ਪੀਣੇ ਤੇ ਫੇਰ ਬਕਰੀ ਨੂੰ ਕੱਖ ਕੰਡਾ ਪਾਉਣਾ ਤੇ ਵਿਚਾਰੇ ਕੁਕੂ ਨੂੰ ਉਸੇ ਟੋਕਰੇ ਵਿਚ ਸੁਟ ਕੇ ਮਾਲਕਣ ਦਾ ਗੋਲਾ ਧੰਦਾ ਕਰਨ ਤੁਰ ਪੈਣਾ......ਸੋਚਦਿਆ ਸੋਚਦਿਆਂ ਉਸਦਾ ਸਾਹ ਚੜ੍ਹਨ ਲਗ ਪਿਆ—ਦਸੋ ਕਿਹੜੇ ਵੇਲੇ ਆਪਣੇ ਲਾਲ ਨੂੰ ਲੋਰੀਆਂ ਦੇਵਾਂ......ਬੁਲਾਵਾਂ......! ਫੇਰ ਉਸਨੇ ਕੁਕੂ ਦੇ ਮਥੇ ਨੂੰ ਚੁੰਮ ਲਿਆ ਤੇ ਇਕ ਡੂੰਘਾ ਸਾਹ ਉਸਦੇ ਮਾਸੂਮ ਮੂੰਹ ਤੇ ਛਡ ਦਿਤਾ।......

ਭੁਖਣ ਭਾਣੀਆਂ ਛਾਤੀਆਂ ਵਿਚੋਂ ਦੁਧ ਨਿਕਲਦਿਆਂ ਹੀ ਉਸਨੂੰ ਲੱਤ੍ਰਿਆਂ ਦੀ ਭੁਖ ਜਾਗ ਪਈ। ਬਾਲ ਨੂੰ ਦੁਧ ਚੁੰਘਾਉਂਦਿਆਂ ਉਹ ਉਸੇ ਤਰ੍ਹਾਂ ਮੰਜੀ ਵਿਚੋਂ ਉਠ ਖੜੀ ਹੋਈ ਤੇ ਆਲੇ ਵਿਚੋਂ ਰੋਟੀਆਂ ਕਢ ਲਿਆਈ। ਸਾਝਰੇ ਦੀ ਪੱਕੀ ਇਕ ਰੋਟੀ ਉਸਨੇ ਹੱਥ ਤੇ ਰਖ ਲਈ ਤੇ ਛਿਕੂ ਵਿਚੋਂ ਇਕ ਗੰਢਾ ਭੀ ਕਢ ਲਿਆਈ। ਗੰਢਾ ਉਸਨੇ ਮੰਜੀ ਦੇ ਪਾਵੇ ਤੇ ਰਖ ਦਿਤਾ ਤੇ ਭੰਨ ਸੁਟਿਆ। ਦੋਵਾਂ ਹਥਾਂ ਨਾਲ ਗੰਢੇ ਨੂੰ ਨਚੋੜਿਆ ਤੇ ਮਿਧਿਆ ਗੰਢਾ ਰੋਟੀ ਤੇ ਰਖ ਲਿਆ। ਲਗਦੇ ਹਥ ਇਕ ਬੁਰਕੀ ਉਸਨੇ ਗੰਢੇ ਦੀ ਫਾਂਕ ਦੇ ਦੁਆਲੇ ਲਪੇਟੀ ਤੇ ਬੁਰਕੀ ਮੂੰਹ 'ਚ ਪਾ ਲਈ। ਮੂੰਹ ਅੜਦਿਆਂ ਹੀ ਉਸਨੂੰ ਸ਼ਾਮੇ ਦੀ ਯਾਦ ਆਉਣ ਲਗ ਪਈ। ਉਸਦੇ ਅੜੇ ਹੋਏ ਮੂੰਹ ਦੀਆਂ ਬਰਾਸ਼ਾਂ ਜਿਵੇਂ ਘੁਟ ਗਈਆਂ ਹੋਣ ਤੇ ਬੁਰਕੀ ਜਿਵੇਂ ਸੰਘ ਵਿਚ ਅੜ ਕੇ ਖੜ੍ਹ ਗਈ ਹੋਵੇ। ਉਸਦੀਆਂ ਅਖਾਂ ਦੀਆਂ ਡੇਲੀਆਂ ਭੁਭੱਤਰ ਗਈਆਂ ਤੇ ਫੇਰ ਬੂਹੇ ਵਲ ਤਕਣ ਲਗ ਪਈਆਂ ਪਰ ਸ਼ਾਮਾ ਕਿਤੇ ਆਉਂਦਾ ਨਹੀਂ ਸੀ ਦਿਸਦਾ......।

ਜੰਮੀਆਂ ਹੋਈਆਂ ਅਖਾਂ ਬੂਹੇ ਦੀਆਂ ਵਿਰਲਾਂ ਵਲ ਤਕ ਰਹੀਆਂ ਸਨ—ਕਿਸੇ ਸੰਘਣੀ ਸੋਚ ਵਿਚ ਨਿਘਰਦੀਆਂ ਹੋਈਆਂ। ਨਿਘਰਦੀ ਸੋਚ ਨੇ ਉਸਨੂੰ ਆਪਣਾ ਜਿਸਮ ਝੂਠਾ ਜਿਹਾ ਲਗਣ ਲਾ ਦਿਤਾ ਸੀ ਉਸਦੀ ਬੁਕਲ ਵਿਚ ਕੁਕੂ ਤੁੱਕਿਆ ਹੋਇਆ ਸੀ ਪਰ ਉਹ ਸੋਚ ਰਹੀ ਸੀ—ਮੈਂ ਤਾਂ ਉਸਦੇ ਕੁਕੂ ਨੂੰ ਚੁਕਣ ਦੀ ਭੀ ਹੱਕਦਾਰ ਨਹੀਂ ਹਾਂ......ਤੇ ਫੇਰ ਉਸਦੀ ਧੌਣ ਲੁਟਕ ਗਈ ਤੇ ਬੂਹੇ ਦੀਆਂ ਵਿਰਲਾਂ ਵਿਚੋਂ ਲੰਘ ਰਹੀਆਂ ਅੱਖਾਂ ਰੁਕ ਗਈਆਂ ਤੇ ਫੇਰ ਹਥੇਲੀ ਤੇ ਟਿਕ ਗਈਆਂ...ਹਥੇਲੀ, ਜਿਥੇ ਸਾਝਰੇ ਦੀ ਪੱਕੀ ਹੋਈ ਰੋਟੀ ਪਈ ਸੀ ਜਿਸ ਉਤੇ ਮਿਧਿਆ ਹੋਇਆ ਗੰਢਾ ਪਿਆ ਸੀ......। ਫੇਰ ਉਸਨੂੰ ਇੰਜ


MOVIES FOREIGN EXCHANGE CONCERT

**SIHOTA DISTRIBUTORS**

MANAGER KARTAR SINGH AHLUWALIA

3483 KINGSWAY, VANCOUVER, B.C., CANADA. V5R 5L5- PHONE: 438-1304 324-2557

ਲਗ ਰਿਹਾ ਸੀ ਕਿ ਇਹ ਸਾਰਾ ਦੋਸ਼ ਇਸ ਰੋਟੀ ਦੇ ਟੁਕੜੇ ਦਾ ਹੀ ਹੈ । ਉਹ ਸੋਚ ਰਹੀ ਸੀ । ਉਸਦੀਆਂ ਅੱਖਾਂ ਨੀਵੀਆਂ ਹੋਈਆਂ ਪਈਆਂ ਸਨ ਸ਼ਾਇਦ ਇਸ ਲਈ ਕਿ ਉਹ ਸ਼ਾਮੇ ਦੇ ਰਾਹ ਨੂੰ ਤਕਣਾ ਭੀ ਆਪਣਾ ਹੱਕ ਨਹੀਂ ਸੀ ਸਮਝ ਰਹੀ......

ਕਿਸੇ ਭਾਰੀ ਲਕੜੀ ਦੀ ਤਰ੍ਹਾਂ ਉਹ ਸੋਚਾਂ ਦੀ ਤਹਿ ਦੇ ਹੇਠਾਂ ਤੈਰ ਰਹੀ ਸੀ । ਫੇਰ ਉਸਦੀ ਹਾਲਤ ਇੰਜ ਹੋ ਗਈ ਸੀ ਜਿਵੇਂ ਤੈਰ ਰਹੀ ਲਕੜੀ ਨੂੰ ਕੋਈ ਅੜਿਕਾ ਪੈ ਗਿਆ ਹੋਵੇ ਤੇ ਉਸਦੇ ਆਲੇ ਦੁਆਲੇ ਹੋਰ ਤੈਰ ਰਹੇ ਨਿੱਕੇ ਨਿੱਕੇ ਤਿਣਕੇ ਅਟਕ ਕੇ ਖੜੇ ਗਏ ਹੋਣ ਮੱਕੜੀ ਦੀ ਤਰ੍ਹਾਂ ਬੱਸ ਇੰਜ ਆਪਣੇ ਦੁਆਲੇ ਜਾਲੇ ਤਣ ਰਹੀ ਸੀ— ਮੈਂ ਸ਼ਾਮੇ ਦੇ ਮੂੰਹ ਅੱਜ ਕਿਵੇਂ ਲਗਾਂਗੀ ਤੇ ਉਹਨੂੰ ਆਪੇ ਵਿਚੋਂ ਕੋਈ ਬੋ ਜਹੀ ਆਉਣ ਲਗ ਪਈ ਸੀ ਜਿਸ ਬੋ ਦੇ ਮੁਸ਼ਕ ਨੂੰ ਉਹ ਸ਼ਾਮੇ ਤੋਂ ਪਰੇ ਰਖਣਾ ਚਾਹੁੰਦੀ ਸੀ । ਉਹ ਆਪਣੇ ਆਪਨੂੰ ਹਥੇਲੀ ਤੇ ਪਈ ਰੋਟੀ ਦੀ ਤਰ੍ਹਾਂ ਜੂਠੀ ਸਮਝ ਰਹੀ ਸੀ ਤੇ ਗੋਹੇ ਦੀ ਤਰ੍ਹਾਂ ਮਿਧੀ ਹੋਈ ਤੇ ਮੂੰਹ ਵਿਚ ਪਈ ਬੁਰਕੀ ਦੀ ਤਰ੍ਹਾਂ ਚਿਥੀ ਹੋਈ । ਫੇਰ ਉਸਨੇ ਚਿੱਥੀ ਹੋਈ ਬੁਰਕੀ ਨੂੰ ਅੰਦਰ ਲੰਘਾਣ ਦੀ ਬਜਾਏ ਥੁੱਕ ਦਿਤਾ । ਪਰ ਥੁੱਕੀ ਹੋਈ ਬੁਰਕੀ ਉਸਨੂੰ ਪਤਾ ਨਹੀਂ ਕਿਉਂ ਆਪਣਾ ਹੀ ਜਿਸਮ ਲਗ ਰਿਹਾ ਸੀ .. ...

'ਆਗਿਆ ਏਂ ਕੁਕੂ ਦੇ ਬਾਪੂ ! ' ਉਸਨੇ ਆਪਣੇ ਚੁਪ ਕੀਤੇ ਹੋਠਾਂ ਨੂੰ ਟੁਕਕੇ ਕਿਹਾ । ਤੇ ਫੇਰ ਇਕ ਦਮ ਮੰਜੀ ਤੋਂ ਉਠ ਖੜੀ ਹੋਈ ਜਿਵੇਂ ਹੁਣੇ ਉਸਨੇ ਸੋਚਾਂ ਦਾ ਬੁਰਕਾ ਉਤਾਰ ਕੇ ਰਖਿਆ ਹੋਵੇ । ਰੋਟੀ ਉਸਨੇ ਪਤਾ ਨਹੀ ਕਿਹੜੇ ਵੇਲੇ ਫੇਰ ਮੰਜੀ ਦੇ ਪਾਵੇ ਤੇ ਰੱਖ ਦਿਤੀ ਤੇ ਆਪ ਬੂਹੇ ਵਲ ਤੁਰ ਪਈ । ਉਹ ਜਾਤੀ ਦੀ ਸਾਤੀ ਸ਼ਾਮੇ ਦੇ ਦੁਆਲੇ ਲਿਪਟ ਜਾਣਾ ਚਾਹੁੰਦੀ ਸੀ ਜਿਵੇਂ ਕੋਈ ਓਦਰਿਆ ਬਾਲ ਆਪਣੀ ਮਾਂ ਨੂੰ ਚਿੰਬੜ ਜਾਂਦਾ ਹੈ । ਉਹ ਸ਼ਾਮੇ ਦੀਆਂ ਨੰਗੀਆਂ ਲਿਬੜੀਆਂ ਲੱਤਾਂ ਨੂੰ ਤੱਕ ਰਹੀ ਸੀ ਜਿਨ੍ਹਾਂ ਤੇ ਗਾਰੇ ਦੇ ਛਿੱਟੇ ਸਨ । ਉਸਦੀ ਕਤਰ ਬਰਤੀ ਦਾੜ੍ਹੀ ਵਿਚ ਇੱਟਾਂ ਦਾ ਗੇਰੂਆ ਰੰਗ ਸੀ ਤੇ ਉਸਦੇ ਘਸੇ ਹੋਏ ਕੁੜਤੇ ਦੇ ਉਤੇ ਮੁੜ੍ਹਕੇ ਦੇ ਧੱਬੇ ਸਨ । ਉਸਦੇ ਪੈਰਾਂ ਦੀ ਜੁਤੀ ਅੱਡੀਆਂ ਕੋਲੋਂ ਚਿੱਥੀ ਹੋਈ ਪਈ ਸੀ । ਪੰਜੇ ਵਿਚ ਗਲੀਆਂ ਹੋਈਆਂ ਪਈਆਂ ਸਨ ਤੇ ਇਹਨਾਂ ਗਲੀਆਂ ਵਿਚੋਂ ਉਂਗਲਾਂ ਤੇ ਪਈਆਂ ਹੋਈਆਂ ਭੋਰੀਆਂ ਦਿਸ ਰਹੀਆਂ ਸਨ । ਉਸਨੂੰ ਸ਼ਾਮਾਂ ਇੰਜ ਲਗ ਰਿਹਾ ਸੀ । ਜਿਵੇਂ ਉਹ ਕੋਈ ਵੇਸਵਾ ਹੋਵੇ ਪਰ ਉਸ ਵੇਸਵਾ ਨੂੰ ਜਿਸਮ ਦਾ ਮੁੱਲ ਵੇਸਵਾ ਜਿੰਨਾ ਨਾ ਮਿਲਿਆ ਹੋਵੇ......ਇਹ ਸੋਚਦਿਆਂ ਉਸਦੇ ਚਿਹਰੇ ਨੂੰ ਤਰੇਲੀ ਆ ਗਈ ਤੇ ਇਕ ਗਈ ਤੇ ਇਕ ਆਹ ਉਸਦੇ ਦਿਲ ਵਿਚੋਂ ਉਠ ਪਈ । ਫੇਰ ਉਸਨੇ ਇਸ ਆਹ ਨੂੰ ਇਕੋ ਡੀਕੇ ਪੀ ਲਿਆ ਤੇ ਕਹਿਣ ਲਗੀ ।

"..... ਤੂੰ ਮੁੰਡੇ ਦਾ ਛਣਕਣਾ ਨੀਂ ਲਿਆਇਆ ?" ਉਸਦੇ ਲਿਬੜੇ ਸਖਣੇ ਹੱਥਾਂ ਨੂੰ ਤਕਦਿਆਂ ਪ੍ਰੇਮੀ ਨੇ ਕਿਹਾ ਸੀ ।

"ਅਜ ਦਿਹਾੜੀ ਨੀ ਮਿਲੀ" ਕਹਿੰਦਾ ਕਹਿੰਦਾ ਉਹ ਅਗੇ ਤੁਰ ਪਿਆ ਤੇ ਨਾਲੇ ਮੁੜ੍ਹਕੇ ਨਾਲ ਭਿਜੇ ਕੁੜਤੇ ਨੂੰ ਲਾਹੁਣ ਲਗ ਪਿਆ ਤੇ ਨਾਲੇ ਕਹਿ ਰਿਹਾ ਸੀ, "ਪੈਸੇ ਪਰਸੋਂ ਨੂੰ ਇਕੱਠੇ ਮਿਲਣਗੇ" ਪਰ ਪ੍ਰੇਮੀ ਉਸਦੇ ਪਸੀਨੇ ਨਾਲ ਗੜੁਚ ਕੁੜਤੇ ਨੂੰ ਧਿਆਨ ਤੇ ਸਹਿਮ ਨਾਲ ਵੇਖ ਰਹੀ ਸੀ ਜਿਵੇਂ ਕੁੜਤਾ ਮੁੜ੍ਹਕੇ ਨਾਲ ਨਹੀਂ, ਲਹੂ ਨਾਲ ਭਿਜਿਆ ਹੋਇਆ ਹੋਵੇ......

"ਨਾਲੇ ਤੈਨੂੰ ਆਟੇ ਨੂੰ ਕਿਹਾ ਸੀ ।" ਪ੍ਰੇਮੀ ਟੁਟੇ ਸਬਰ ਨਾਲ ਬੋਲ ਉਠੀ । ਸ਼ਾਮੇ ਨੇ ਕੁੜਤਾ ਲਾਹ ਕੇ ਲਾਲਟਣ ਵਾਲੇ ਕਿਲੇ ਉਤੇ ਟੰਗ ਦਿਤਾ । ਪਰ ਉਸਦਾ ਦਿਮਾਗ ਪ੍ਰੇਮੀ ਦੀਆਂ ਗੱਲਾਂ ਨਾਲ ਹੀ ਜੁੜਿਆ ਹੋਇਆ ਸੀ । ਦਿਨ ਭਰ ਦੀ ਦਿਹਾੜੀ ਦੇ ਥਕੇਵੇਂ ਤੋਂ ਇਲਾਵਾ ਇਕ ਹੋਰ ਨਵਾਂ ਥਕੇਵਾਂ ਉਸਨੂੰ ਚੜ੍ਹ ਰਿਹਾ ਸੀ । "ਪਟ ਤੇ ਸੋਹਰੀ ਕਵੀਲਦਾਰੀ ਨੇ ।" ਉਹ ਮੂੰਹ 'ਚ ਬੁੜਬੁੜਾਇਆ ਤੇ ਪਿੱਤ ਦੇ ਭਰੇ ਪਿੰਡੇ ਨੂੰ ਖੁਰਕਦਾ ਕਹਿਣ ਲਗਾ— "ਕਿਤੇ ਕੱਲ ਜੋਗਾ ਭੀ ਹੈ ਨੀਂ ?" ਤੇ ਇਹ ਪ੍ਰਸ਼ਨ ਪ੍ਰੇਮੀ 'ਤੇ ਸੁਟ ਕੇ ਉਹ ਘੁਰਨਾ ਜਿਹੀ ਮੰਜੀ ਦੇ ਸੇਰਵੇ ਤੇ ਬੈਠ ਗਿਆ । ਪ੍ਰੇਮੀ ਚੁਪ ਰਹੀ ਸੀ । ਆਵਾਜ਼ ਉਸਦੇ ਸੰਘ ਵਿਚ ਭੀ ਨਹੀਂ ਸੀ ਰਹੀ ਕੁਝ ਚਿਰ ਦੋਵੇਂ ਚੁਪ ਬੈਠੇ ਰਹੇ । ਸ਼ਾਮੇ ਨੇ ਇਕ ਲੰਮੀ ਉਬਾਸੀ ਲਈ ਤੇ ਫੇਰ ਆਪ ਮੁਹਾਰੇ ਬੋਲਿਆ—"ਫੇਰ ਤੜਕੇ ਕੀ ਪਕਾਏਂਗੀ ?" ਇਹ ਸੁਣਦਿਆਂ ਉਸਦੀ ਸੋਚ-ਧੁੰਦ ਗਹਿਰੀ ਹੋ ਗਈ । ਆਖਰ ਸੋਚਾਂ ਦੀ ਚਦਰ ਨੂੰ ਪਰੇ ਕਰਦਿਆਂ ਪ੍ਰੇਮੀ ਬੋਲੀ :

"ਆਹ ਗੁਆਂਢਣ ਨਿੱਕੀ ਤੋਂ ਪੁਛ ਲੂੰ ।"

"......ਤੇ ਪਹਿਲਾਂ ਦਾ ਮੋੜਤਾ ਸੀ ?" ਸ਼ਾਮਾ ਉਭੜ ਵਾਹਿਆ ਵਾਂਗ ਬੋਲ ਉਠਿਆ ਜਿਵੇਂ ਪ੍ਰੇਮੀ ਦੇ ਇਸ ਜੁਆਬ ਦੀ ਉਡੀਕ ਵਿਚ ਇਹ ਲਫਜ਼ ਉਹ ਪਹਿਲਾਂ ਹੀ ਘੜੀ ਬੈਠਾ ਹੋਵੇ ।

"ਨਹੀਂ ।" ਪ੍ਰੇਮੀ ਨੇ ਬਿਨਾਂ ਕੁਝ ਉਡੀਕੇ ਕਹਿ ਦਿਤਾ ਜਿਵੇਂ ਪਹਿਲਾਂ ਹੀ ਸੋਚਿਆ ਹੋਇਆ ਸੀ । ਇਹ ਉਤਰ ਦਿੰਦਿਆਂ ਉਸਨੇ ਅੱਖਾਂ ਦੇ ਡਰੋਟਿਆਂ ਨੂੰ ਭੀ ਉਪਰ ਚੁਕ ਲਿਆ ਸੀ । ਉਸਦੀਆਂ ਲਿਸ਼ਕਦੀਆਂ ਅੱਖਾਂ ਸ਼ਾਮੇ ਵਲ ਤਕ ਰਹੀਆਂ ਸਨ ਤੇ ਇਹਨਾਂ ਖਾਮੋਸ਼ ਅੱਖਾਂ ਵਿਚ ਗੁਨਾਹਗਾਰਾਂ ਵਰਗੀ ਤਕਣੀ ਸੀ ।

ਫੇਰ ਉਸਨੇ ਥਿੜਕਦੀ ਆਵਾਜ਼ ਵਿਚ ਕਿਹਾ—"ਦੋਹਾਂ ਵਾਰੀਆਂ ਦਾ ਇਕੱਠਾ ਦੇਦੂੰਗੀ ।" ਇਹ ਜਵਾਬ ਉਸ ਖੁਦ ਨੂੰ ਭੀ ਕਿੰਨਾ ਹਾਸੋ-ਹੀਣਾ ਲਗਿਆ ਸੀ । ਇੰਜ ਲਗਦਾ ਸੀ ਉਸਨੂੰ ਆਪਣੇ ਜਵਾਬ ਤੇ ਪ੍ਰਤੀਤ ਨਹੀਂ ਸੀ ਹੋ ਰਹੀ ।

"ਆਹ ਰੋਟੀ ਪਾਵੇ ਤੇ ਰਖੀ ਐ ?" ਸ਼ਾਮੇ ਨੇ ਸਾਰੀਆਂ ਗਲਾਂ ਤੋਂ ਮੂੰਹ ਮੋੜਕੇ ਉਸਦੀ ਇਸ ਭੈੜੀ ਗਲ ਨੂੰ ਟੋਕਿਆ ।

"ਬਸ ਖਾਣ ਲਗੀ ਸੀ ।"

"ਫੇਰ ਰਖ ਕਿਉਂ ਦਿਤੀ ।"

ਇਹ ਸੁਣਕੇ ਉਹ ਛਿਪਰ ਗਈ ਤੇ ਫੇਰ ਅੱਖਾਂ ਦੀਆਂ ਝਿਫਣਾਂ ਨੂੰ ਟਕਰਾਉਂਦੇ ਹੋਏ ਕਹਿਣ ਲਗੀ—"ਤੇਰੇ ਆਏ ਬਿਨਾਂ ਸੁਆਦ ਨਹੀਂ ਸੀ ਲਗਦੀ ।" ਇਹ ਲਫਜ਼ ਉਸਨੇ ਆਪਣੇ ਹੋਠਾਂ ਤੋਂ ਫਿਸਲਾ ਦਿਤੇ ਸਨ ਪਰ ਉਸਨੂੰ ਲਗ ਇੰਜ ਰਿਹਾ ਸੀ ਜਿਵੇਂ

IMPORTERS EXPORTERS WHOLESALERS RETAILERS
ROKKO SAREES & FABRICS
6201 FRASER ST., (At 46th Ave.) VANCOUVER-15, B.C , CANADA. PHONE: 327-3033
OWNED AND OPERATED BY B. S. KHURANA AND SONS AND GRANDSONS

ਕੋਈ ਇਹਨਾਂ ਲਫਜ਼ਾਂ ਨੂੰ ਮੋੜਕੇ ਉਸਦੇ ਮੂੰਹ 'ਚ ਤੁੰਨ ਰਿਹਾ ਹੋਵੇ। ਫੇਰ ਉਹ ਕੁਕੂ ਦੇ ਭੋਲੇ ਚੇਹਰੇ ਵਲ ਤਕਣ ਲਗ ਪਈ ਤੇ ਤਕਦੇ ਤਕਦੇ ਉਸਦੇ ਨੈਣਾਂ ਚੋਂ ਅਥਰੂ ਟਪਕ ਪਏ ......

"ਪ੍ਰੇਮੀ ਤੂੰ ਬੋਲੀ ਕਿਉਂ ਹੋ ਗਈ ?" ਸ਼ਾਮਾ ਉਸਦੇ ਹੰਝੂਆਂ ਨੂੰ ਵੇਖ ਕੇ ਕਹਿਣ ਲਗ ਪਿਆ। "ਤੂੰ ਤੇ ਨਾ ਪ੍ਰੇਮੀ, ਰੋਣ ਵਾਲੀ ਕਿਹੜੀ ਗਲ ਸੀ......ਕਮਲੀ ਨਾ ਹੋਵੇ......।"

"ਨਹੀਂ ਮੈਂ ਰੋਨੀ ਕਾਹਨੂੰਆਂ।" ਤੇ ਉਹ ਝਗੇ ਦੀ ਕੰਨੀ ਨਾਲ ਹੰਝੂ ਪੂੰਝਣ ਲਗ ਪਈ। ਪਰ ਉਸਦੀ ਜ਼ਬਾਨ ਤੇ ਮੁੜ ਮੁੜ ਕੇ ਆ ਰਿਹਾ ਸੀ। ਨਹੀਂ ਇਹ ਤਾਂ ਮਜਬੂਰਨ ਬੇ-ਵਫਾਈ ਦੇ ਆਂਸੂ ਨੇ, ਭੁੱਖ ਦੇ ਆਂਸੂ......ਭੁੱਖ ਨੂੰ ਮਾਰਨ ਦੇ ਆਂਸੂ...... ।' ਪਰ ਉਹ ਇਹ ਲਫਜ਼ ਅੰਦਰ ਹੀ ਲੰਘਾ ਲੈਂਦੀ। ਪਰ ਫੇਰ ਉਹ ਮੰਜੀ ਤੋਂ ਉਠ ਖੜੀ ਹੋਈ ਤੇ ਆਲੇ ਵਲ ਤੁਰ ਪਈ। ਆਲੇ ਵਿਚੋਂ ਉਸਨੇ ਹੋਰ ਰੋਟੀਆਂ ਕੱਢ ਲਿਆਂਦੀਆਂ। ਛਿੱਕੂ ਵਿਚੋਂ ਦੋ ਗੰਢੇ ਚੁੱਕ ਲਏ ਤੇ ਵਾਪਸ ਮੁੜ ਆਈ। ਮੰਜੀ ਦੇ ਪਾਵੇ ਤੇ ਪਹਿਲਾਂ ਉਸਨੇ ਇਕ ਗੰਢਾ ਭੰਨ ਲਿਆ ਤੇ ਫੇਰ ਦੂਸਰਾ ਭੀ ਭੰਨ ਦਿਤਾ। ਗੰਢਾ ਭੰਨਦਿਆਂ ਉਸਨੂੰ ਇਕ ਸੋਚ ਨੇ ਝੰਝੋੜ ਸੁੱਟਿਆ —ਗਰੀਬ ਦੀ ਜ਼ਿੰਦਗੀ ਭੀ ਹਵੇਲੀ ਤੇ ਪਾਵੇ ਦੇ ਦਰਮਿਆਨ ਹੈ। ......ਬਿਲਕੁਲ ਗੰਢੇ ਦੀ ਤਰ੍ਹਾਂ ਤੇ ਗੰਢੇ ਦਾ ਹਸ਼ਰ ਨਿੱਤ ਵਾਪਰਦਾ ਹੈ ...। ਫੇਰ ਉਹਨਾਂ ਦੋਹਾਂ ਨੇ ਸੁੱਕੀਆਂ ਰੋਟੀਆਂ ਨਿਗਲ ਲਈਆਂ ਸਨ ਤੇ ਤ੍ਰਕਾਲਾਂ ਦਿਨ ਭਰ ਦੀ ਆਖਰੀ ਚਾਨਣੀ ਨੂੰ ਭੀ ਨਿਗਲ ਰਹੀਆਂ ਸਨ......

ਹਨੇਰੇ ਵਿਚ ਪਲਟ ਰਹੀਆਂ ਤ੍ਰਕਾਲਾਂ ਪਲ ਪਲ ਤੇ ਸੰਘਣੀਆਂ ਹੁੰਦੀਆਂ ਜਾਂਦੀਆਂ ਸਨ। ਦਿਨ ਭਰ ਦੀ ਕੌੜੀ ਮਿਹਨਤ ਤੋਂ ਬਾਅਦ ਢੂਹੀ ਸਿੱਧੀ ਕਰਨ ਦੇ ਆਹਰ ਵਿਚ ਪ੍ਰੇਮੀ ਨੇ ਮੰਜੀਆਂ ਸਿੱਧੀਆਂ ਕਰ ਦਿੱਤੀਆਂ ਸਨ। ਮੰਜੀ ਤੇ ਢੂਹੀ ਲਾਉਣ ਸਾਰ ਸ਼ਾਮੇ ਦੀ ਅੱਖ ਲਗ ਗਈ ਸੀ। ਪ੍ਰੇਮੀ ਵੀ ਆਪਣੀ ਮੰਜੀ ਤੇ ਲਿਟੀ ਹੋਈ ਸੀ ਪਰ ਉਸਦੀ ਢੂਹੀ ਨੂੰ ਮੰਜੀ ਦਾ ਸੁਖ ਪੋਹ ਨਹੀਂ ਸੀ ਰਿਹਾ। ਚੌਹੀਂ ਪਾਸੀਂ ਹਨੇਰਾ ਪਸਰਿਆ ਹੋਇਆ ਸੀ। ਪ੍ਰੇਮੀ ਆਪਣੇ ਆਪ ਨੂੰ ਭੀ ਹਨੇਰੇ ਵਿਚ ਹੀ ਮਹਿਸੂਸ ਕਰ ਰਹੀ ਸੀ। ਇਜ ਲਗਦਾ ਸੀ ਜਿਵੇਂ ਇਸ ਹਨੇਰੇ ਵਿਚ ਉਹ ਗੁਆਚ ਗਈ ਹੋਵੇ। ਅਕਾਸ਼ ਵਿਚ ਤਾਰੇ ਟਿਮਟਿਮਾ ਰਹੇ ਸਨ। ਪ੍ਰੇਮੀ ਦੇ ਨੈਣ ਨੀਂਦੋਂ ਸਖਣੇ ਸਤਾਰਿਆਂ ਦੀ ਤਰ੍ਹਾਂ ਚਮਕ ਰਹੇ ਸਨ। ਉਸਨੇ ਟੇਢੀ ਧੌਣ ਨਾਲ ਸ਼ਾਮੇ ਨੂੰ ਤਕਿਆ—ਉਹ ਗੂੜ੍ਹੀ ਨੀਂਦਰ ਸੁਤਾ ਹੋਇਆ ਸੀ। ਫੇਰ ਉਹ ਆਪਣੀ ਮੰਜੀ ਤੇ ਨਿਚੱਲੀ ਹੋ ਕੇ ਪੈ ਗਈ। ਉਹ ਆਸਤੇ ਆਸਤੇ ਕੁਕੂ ਦੇ ਪਿੰਡੇ ਤੇ ਹੱਥ ਫੇਰ ਰਹੀ ਸੀ। ਉਸਦੇ ਖਿਆਲ ਖਿਦੋ ਦੀ ਤਰ੍ਹਾਂ ਅਗੇ ਅਗੇ ਰਿੜ ਰਹੇ ਸਨ।

"......ਚੰਗਾ ਅੱਜ ਸ਼ਾਮੀਂ ਜ਼ਰੂਰ ਆਵੀ" ਸੁੰਦਰ ਦੇ ਕਹੇ ਹੋਏ ਲਫਜ਼ਾਂ ਦੀ ਮਿਠੀ ਮਿਠੀ ਯਾਦ ਉਸਦੇ ਦਿਲ ਨੂੰ ਟੁੰਬ ਰਹੀ ਹੈ। ਉਨ੍ਹਨੂੰ ਬਹੁਤ ਵਡਾ ਖਜ਼ਾਨਾ ਲਭ ਪਵੇਗਾ..." ......ਉਸਦਾ ਮਨ ਆਪ ਮੁਹਾਰਾ ਹੱਸ ਪੈਂਦਾ ਹੈ ਤੇ ਫੇਰ ਤ੍ਰਿਪ ਤ੍ਰਿਪ ਆਂਸੂ ਭੀ ਵਹਿ ਤੁਰਦੇ ਨੇ......

ਉਹ ਮੰਜੀ 'ਚੋਂ ਉਠ ਖੜੀ ਹੋਈ, ਪਰ ਮੰਜੀ ਉਸਦਾ ਜਿਸਮ ਛਡਣ ਤੋਂ ਪਹਿਲਾਂ ਜਰਕਣ ਲਗ ਪਈ। ਇੰਜ ਲਗ ਰਿਹਾ ਸੀ ਜਿਵੇਂ ਇਸ ਅਵਾਜ਼ ਨੇ ਚੁਪ ਵਟੀ ਰਾਤ ਦੀ ਵਖੀ 'ਚ ਚੂੰਢੀ ਭਰ ਲਈ ਹੋਵੇ ਤੇ ਉਹ ਸਾਰੀ ਦੀ ਸਾਰੀ ਕੰਬ ਗਈ ਹੋਵੇ। ਪ੍ਰੇਮੀ ਮੰਜੀ ਚੋਂ ਇੰਜ ਉਠੀ ਸੀ ਜਿਵੇਂ ਕੋਈ ਮਾਂ ਆਪਣੇ ਨਾਲ ਲੇਟੇ ਬਚੇ ਤੋਂ ਚੋਰੀ ਚੋਰੀ ਉਠਦੀ ਹੈ, ਇਸ ਖਿਆਲ ਨਾਲ—ਕਿਤੇ ਨਿਆਣਾ ਵੇਅਰ ਨਾ ਜਾਵੇ......ਵਿਲਕ ਨਾ ਪਵੇ......। ਉਸਦਾ ਕੁਕੂ ਉਸੇ ਤਰ੍ਹਾਂ ਬੇ-ਖਬਰ ਸੁਤਾ ਰਿਹਾ ਪਰ ਮੰਜੀ ਵਿਲਕ ਪਈ ਸੀ ਜਿਵੇਂ ਉਸਦੇ ਖਿਆਲਾਂ ਤੋਂ ਚੇਤਨ ਹੋਵੇ। ਉਠਦੇ ਸਮੇਂ ਉਸਨੂੰ ਮਹਿਸੂਸ ਹੋ ਰਿਹਾ ਸੀ ਕਿ ਉਹ ਸੁੰਦਰ ਦੀ ਛੋਹ ਨਾਲ ਹੀ ਹਰ ਚੀਜ਼ ਨਾਲ ਮਾਲੋ ਮਾਲ ਹੋ ਗਈ ਹੋਵੇ...... ਆਪਣੀ ਹੱਕ ਦੀ ਕਮਾਈ ਨਾਲ ਜਿਸਮ ਦੇ ਮੁਲ ਨਾਲ......ਤੇ ਇਹਨਾਂ ਖਿਆਲਾਂ ਦੀ ਲੜੀ ਵਿਚ ਉਹ ਮਣਕੇ ਦੀ ਤਰ੍ਹਾਂ ਪ੍ਰੋਈ ਹੋਈ ਸੀ ਤੇ ਇੰਜ ਕੁਕੂ ਨੂੰ ਇਕੱਲਿਆਂ ਛਡ ਕੇ ਉਹ ਬੂਹੇ ਵਲ ਤੁਰ ਪਈ।

ਰਾਤ ਚੁਪ ਸੀ ਪਰ ਰਾਤ ਦੀ ਸਿਆਹੀ ਜਾਗ ਰਹੀ ਸੀ। ਕੁੰਡਾ ਖੁਲਣ ਦੇ ਖੜਾਕ ਨਾਲ ਰਾਤ ਦੇ ਸਕੂਨ ਵਿਚ ਕੋਈ ਪਥਰ ਆਣ ਡਿਗ ਪਿਆ ਸੀ। ਫਿਰ ਹੌਲੀ ਜਿਹੇ ਭਿੜਦੇ ਤਖਤੇ ਬੋਲ ਪਏ ਸਨ। ਪ੍ਰੇਮੀ ਦੇ ਪੈਰ ਫੋਪਲੇ ਸਨ ਪਰ ਉਸਦੇ ਪੈਰਾਂ ਵਿਚ ਕੰਬਣੀ ਸੀ ਤੇ ਸਿਰ ਉਤੇ ਚੁਕੀ ਹੋਈ ਅੱਧ ਮੋਈ ਲਾਸ਼ ਡੂੰਘੇ ਸਾਹ ਭਰ ਰਹੀ ਸੀ......

ਉਹ ਹਨੇਰੇ ਦੀਆਂ ਤੈਹਾਂ ਵਿਚ ਨਿਘਰਦੀ ਜਾ ਰਹੀ ਸੀ। ਉਸਦੇ ਪੱਬ ਧਰਤੀ ਦੀ ਹਿੱਕ ਵਿਚ ਖੁਭ ਰਹੇ ਸਨ। ਉਸਦਾ ਰਸਤਾ ਭੀੜੀਆਂ ਗਲੀਆਂ ਵਿਚ ਗੁਜ਼ਰ ਰਿਹਾ ਸੀ। ਫੇਰ ਉਸਨੂੰ ਪਿਛੇ ਤੋਂ ਕਿਸੇ ਆਵਾਜ਼ ਦੀ ਬਿੜਕ ਪਈ—"ਪ੍ਰੇਮੀ—ਕਿੱਧਰ ਨੂੰ ਚਲੀਐਂ ?" ਤੇ ਸ਼ਾਮੇ ਦੇ ਬੋਲ ਵਿਚ ਗੁਸਾ ਸੀ ਤੇ ਹੈਰਾਨੀ ਸੀ ਘਬਰਾਹਟ ਸੀ। ਸੁਣਦਿਆਂ ਹੀ ਉਹ ਤ੍ਰਿਬਕ ਗਈ ਉਸਦੇ ਜਿਸਮ ਦਾ ਸਾਰਾ ਖੂਨ ਠੰਢਾ ਹੋ ਗਿਆ ਤੇ ਪੈਰ ਉਸੇ ਥਾਂ ਤੇ ਰੁਕ ਗਏ। ਫੇਰ ਉਸਨੇ ਉਸਨੂੰ ਮੋਢੇ ਤੋਂ ਫੜ ਕੇ ਝੰਝੋੜਿਆ—"ਕੀ ਲੈਣ ਜਾਨੀ ਐਂ ਏਧਰ ?"

"ਸੁੰਦਰ ਦੇ ਘਰੇ ਜਾਨੀ ਆਂ।" ਉਸਨੇ ਬੇ-ਧੜਕ ਹੋ ਕੇ ਜਵਾਬ ਦਿਤਾ।

"ਏਸ ਵੇਲੇ ਕੀ ਕੰਮ ਏ ਤੇਨੂੰ ?" ਉਸਦੀ ਜ਼ਬਾਨ ਵਿਚ ਜਾਨਣ ਦੀ ਕਾਹਲ ਸੀ।

"ਮਜ਼ਦੂਰੀ ਕਰਨ।" ਉਸਦੇ ਹੋਠਾਂ 'ਚ ਮਜ਼ਬੂਤੀ ਸੀ।

"ਏਸ ਵੇਲੇ ਮਜ਼ਦੂਰੀ ਕਰਨ ?" ਸ਼ਾਮੇ ਦੀ ਹੈਰਾਨੀ ਪਲੋ ਪਲ ਵਧ ਰਹੀ ਸੀ।

"ਹਾਂ......ਏਸ ਵੇਲੇ......ਮਜ਼ਦੂਰੀ ਜ਼ਿਆਦਾ ਮਿਲਦੀ ਐ......ਰਾਤਾਂ ਨੂੰ ਜਿਸਮ ਦਾ ਮੁਲ ਮਹਿੰਗਾ ਮਿਲਦਾ ਹੈ।" ਸ਼ਾਮਾ ਉਸਦੇ ਜਵਾਬਾਂ ਨਾਲ ਭੁਮੱਤਰ ਰਿਹਾ ਸੀ। ਪ੍ਰੇਮੀ ਦੀ ਜ਼ਬਾਨ ਸੁੱਕ ਰਹੀ ਸੀ। ਉਸਦੀਆਂ ਅਖਾਂ ਵਿਚ ਅੱਥਰੂ ਰਿੜ ਰਹੇ ਸਨ ਤੇ ਉਸਦੀ ਜ਼ਮੀਰ ਦੀ ਅੱਧ-ਮੋਈ ਲਾਸ਼ ਰੋਂਦ ਰਹੀ ਸੀ......

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
3483 KINGSWAY, VANCOUVER, B.C., CANADA. V5R 5L5.
PHONE: 438-1304 324-2557



MR NARAYAN PRASAD

ANNOUNCES

THE OPENING

OF

*Noda*

*Fish Market*

4583 KINGSWAY
BURNABY 1, B.C.

TEL: 434-2141

WHERE YOU CAN GET

FRESH, FROZEN, SMOKED, & SHELL FISH
GROCERIES & MEATS

ਇਥੇ ਬੱਕਰੇ ਦਾ ਤੇ ਹੋਰ ਮੀਟ, ਗਰੋਸਰੀ ਤੇ ਹਰ ਕਿਸਮ ਦੀ ਮੱਛੀ ਮਿਲਦੀ ਹੈ

ਬੰਬੇ
ਕਰੀ
ਰੈਸਟੋਰੈਂਟ

3934 ਮੇਨ ਸਟਰੀਟ (23 ਅਵਿਨੀਊ)
ਵੈਨਕੂਵਰ (ਬੀ. ਸੀ.)
ਫ਼ੋਨ: -874-5722

ਜਿਥੇ ਤੁਸੀਂ ਚਿਕਨ ਕਰੀ, ਲੈਂਬ ਕਰੀ, ਬੀਫ ਕਰ
ਬਕਰੇ ਦਾ ਸਪੈਸ਼ਲ ਮੀਟ, ਤੇ ਹੋਰ ਭਾਰਤੀ
ਮਠਿਆਈ, ਜਲੇਬੀਆਂ, ਗੋਲਗੱਪੇ ਤੇ
ਬਰਫੀ ਦਾ ਸਆਦ ਮਾਣ
ਸਕਦੇ ਹੋ।

ਅਸੀਂ ਵਿਆਹ ਸ਼ਾਦੀਆਂ ਸਮੇਂ ਪਾਰਟੀਆਂ
ਦਾ ਪਰਬੰਧ ਵੀ ਕਰਦੇ ਹਾਂ।



ਕੇਵਲ ਸਿੰਘ ਪਾਬਲਾ

ਜਿਨ੍ਹਾਂ ਦਾ ਕੁਕਿੰਗ ਦਾ
20 ਸਾਲ ਦਾ ਤਜਰਬਾ ਹੈ।

# S. SURJAN SINGH GILL

OFFERS TWO TYPES OF SERVICES

Gill

## International Travel Service

1113-6th Ave., New Westminster, B.C., Canada. Tel: 879-9603 or 879-9040
Mailing Address: Box# 77057, Station S., Vancouver 16, B. C., Canada.

ENGLAND? FRANCE? HOLLAND? SINGAPORE? MALAYA?
JAPAN? AUSTRALIA? MOSCOW? CHINA? NEW ZEALAND?
FIJI?

IN FACT ANYWHERE IN THE WORLD

**COME**

**AND MAKE USE OF OUR SERVICES**



ਸੁਰਜਨ ਸਿੰਘ ਗਿੱਲ

ਫੋਨ: 879-9040, 879-9605



ਭਾਵੇਂ ਸਾਰੇ ਹੋਟਲ ਤੇ ਕਰਾਏ ਚੜ੍ਹਦੇ ਮਕਾਨ ਟਿੱਡ ਵਾਂਗ ਡਿੱਗੇ ਸੈਲਾਨੀਆਂ ਨਾਲ ਨੱਕੋ ਨੱਕ ਭਰੇ ਹੋਏ ਸਨ ਤੇ ਬਾਜ਼ਾਰਾਂ ਸੈਰਗਾਹਾਂ ਵਿਚ ਮੋਢੇ ਛੰਡਣ ਜੋਗੀ ਥਾਂ ਨਹੀਂ ਸੀ। ਮੈਨੂੰ ਮਸੂਰੀ ਦੀਆਂ ਸੁੰਞਾਂ ਵੱਢ ਵੱਢ ਖਾ ਰਹੀਆਂ ਸਨ। ਜੇ ਦੁਖ ਸੁਖ ਵੰਡਣੇ ਤਾਂ ਕੀ ਤੁਸੀਂ ਕਿਸੇ ਨਾਲ ਦੋ ਰਸਮੀ ਬੋਲ ਵੀ ਸਾਂਝੇ ਨਾ ਕਰ ਸਕੋ ਤਾਂ ਬੇਤੁਕੀ ਹਰਲ ਹਰਲ ਕਰਦੀ ਖ਼ਲਕਤ ਹੋਈ ਨਾ ਹੋਈ ਇਕ ਬਰਾਬਰ, ਮਨ ਬਾਰ ਬਾਰ ਕਹੇ ਵਹੁਟੀ ਨੂੰ ਤਾਰ ਦੇ ਕੇ ਸੱਦ ਲੈ ਪਰ ਬੱਚੇ ਦੀ ਪਰੀਖਿਆ ਸਿਰ ਤੇ ਸੀ ਤੇ ਉਹ ਉਹਨੂੰ ਇਕੱਲਾ ਨਹੀਂ ਸੀ ਛੱਡ ਸਕਦੀ। ਕੁਲਤਾਰ ਮੇਰਾ ਜਿਗਰੀ ਮਿੱਤਰ, ਜੇ ਮੈਂ ਜ਼ਿੱਦ ਕਰਦਾ ਜ਼ਰੂਰ ਪਹੁੰਚ ਜਾਂਦਾ ਪਰ ਉਹਨੇ ਆ ਕੇ ਵੀ ਨੌਕਰਾਂ ਦੇ ਸਿਰ ਤੇ ਛੱਡੇ ਕਾਰੋਬਾਰ ਦਾ ਰੋਣਾ ਹੀ ਰੋਈ ਜਾਣਾ ਸੀ। ਮੈਂ ਮੈਨੇਜਰ ਦੇ ਕਮਰੇ ਵਿਚ ਗੈਸਟਾਂ ਦਾ ਰਜਿਸਟਰ ਫੋਲਿਆ ਤਾਂ ਇਕ ਨਾਂ ਮੇਰੇ ਮਤਲਬ ਦਾ ਨਿਕਲ ਹੀ ਆਇਆ — ਦੇਵਿੰਦਰ ਕੁਮਾਰ ਜੈਨ ਐਡੀਸ਼ਨਲ ਡਿਸਟਰਿਕਟ ਮੈਜਿਸਟਰੇਟ। ਮੈਂ ਕਿਹਾ ਚਲੋ ਘੱਟ ਤੋਂ ਘੱਟ ਕਚਹਿਰੀਆਂ ਦੀਆਂ ਗੱਲਾਂ ਤਾਂ ਕਰ ਹੀ ਲਿਆ ਕਰਾਂਗੇ।

ਮੇਰਾ ਅਨੁਮਾਨ ਸੀ ਉਹ ਸੂਟ-ਬੂਟ ਧਾਰੀ, ਕਲੀਵਨ-ਸ਼ੇਵਨ ਨਵੇਂ ਜੁੱਗ ਦੇ ਨੌਜਵਾਨ ਹੋਣਗੇ ਪਰ ਇਹਦੇ ਉਲਟ ਉਨ੍ਹਾਂ ਦੇ ਸਿਰ ਤੇ ਚੌੜਾ ਸਪਾਟ ਗੰਜ ਸੀ, ਬੁੱਲਾਂ ਤੇ ਭਾਰੀ ਮਰੋੜੀ-ਦਾਰ ਸਫ਼ੈਦ ਮੁੱਛਾਂ, ਤਨ ਉਪਰ ਢਿਲਕੂੰ ਢਿਲਕੂੰ ਕਾਟਸਵੂਲ ਦਾ ਕੁੜਤਾ ਪੰਜਾਮਾ ਤੇ ਹੱਥ ਵਿਚ ਪੇਚਵਾਨ ਹੁੱਕੇ ਦੀ ਲੰਮੀ ਨੜੀ। ਉਹ ਪੰਜ ਕੁ ਸਾਲ ਪਹਿਲਾਂ ਰੀਟਾਇਰ ਹੋ ਗਏ ਸਨ ਤੇ ਹੁਣ ਪੈਨਸ਼ਨ ਸਾਦਗੀ ਤੇ ਸੰਤੋਖ ਦੇ ਸਹਾਰੇ ਅਰਾਮ ਦੇ ਦਿਨ ਗੁਜ਼ਾਰ ਰਹੇ ਸਨ।

ਜਦ ਮੈਂ ਦਸਿਆ ਮੇਰਾ ਵੀ ਕਨੂੰਨ ਇਨਸਾਫ਼ ਨਾਲ ਨੇੜੇ ਦਾ ਸਬੰਧ ਹੈ ਉਨ੍ਹਾਂ ਨੇ ਰਜਾਈ ਚੋਂ ਉਠ ਕੇ ਗੱਲਵਕੜੀ ਪਾ ਲਈ। ਉਹ ਆਪ ਮੇਰੇ ਵਾਂਗ ਇਕੱਲੇ ਤੇ ਉਦਾਸੀਆਂ ਤੋਂ ਸਤਾਏ ਹੋਏ ਸਨ। ਅਸੀਂ ਝਟ ਹੀ ਇਕ ਦੂਜੇ ਨਾਲ ਖੁਲ੍ਹ ਗਏ।

ਮੌਸਮ, ਨਿੱਤ ਵੱਧਦੀ ਆਬਾਦੀ, ਚੜ੍ਹਦੀਆਂ ਕੀਮਤਾਂ, ਆਚਰਣ ਦਾ ਆਭਾਵ, ਫੇਰ ਸਾਡੇ ਹੱਥੋਂ ਨਿਕਲੇ ਅਜੀਬ ਮੁਕੱਦਮੇ, ਹੋਰ...। ਅਜੇਹੇ ਮੁਕੱਦਮੇ ਹੋਰ ..। ਕਿੰਨਾ ਵਿਸ਼ਾਲ ਸੀ ਜੈਨ ਸਾਹਿਬ ਦਾ ਅਨੁਭਵ। ਉਨ੍ਹਾਂ ਦੀਆਂ ਸੁਣਾਈਆਂ ਘਟਨਾਵਾਂ ਵਿਚੋਂ ਇਕ ਤਾਂ ਮੈਨੂੰ ਉਮਰ ਭਰ ਨਹੀਂ ਭੁੱਲਣ ਲੱਗੀ।

ਉਹ ਚੋਰੀ ਦਾ ਕੇਸ ਸੀ ਤੇ ਸਾਰੇ ਸੱਤ ਗਵਾਹ ਸਨ। ਕੋਈ ਵਕੀਲ ਹੁੰਦਾ ਤਾਂ ਜਿਰਾਹ ਕਰਦਾ ਮਿੰਟਾਂ ਵਿਚ ਸ਼ਹਾਦਤ ਮੁਕਾ ਕੇ ਮੈਜਿਸਟਰੇਟ ਸਾਹਿਬ ਮੁਜ਼ਲਮ ਦਾ ਬਿਆਨ ਲਿਖਣ ਲਗੇ।

"ਕੀ ਨਾਂ ਹੈ ਤੇਰਾ ?" ਉਨ੍ਹਾਂ ਨੇ ਪੁਛਿਆ।

'ਵਿਜੈਪਾਲ" ਉਹਨੇ ਜਵਾਬ ਦਿਤਾ।

ਉਹਦਾ ਮੂੰਹ ਰੰਗ ਵਲੋਂ ਬਾਸੀ ਕੱਦੂ ਜਿਹਾ ਸੀ। ਅੱਖਾਂ ਗਿਡ ਦੀਆਂ ਦਲਦਲਾਂ। ਸਿਰ ਦੀਆਂ ਜੁੰਡੀਆਂ ਤੇ ਦਾਹੜੀ ਦੀਆਂ ਲਿਟਾਂ ਵਿਚ ਚਿਰਾਂ ਦੀ ਪੈਰ ਜਮਾਂ ਕੇ ਬੈਠੀ ਖਲ ਜਹੀ ਪੀਡੀ ਚੀਕਣੀ ਮਿੱਟੀ। ਉਹਦੀ ਪ੍ਰਕਾਸ਼-ਬੋਰਾ ਸਬੂਤਾ ਲੀਰਾਂ ਦਾ। ਏਨੀ ਕਰੜੀ ਠੰਢ ਵਿਚ ਹਵਾ ਦਾ ਰਾਹ ਤਾਂ ਕਿਵੇਂ ਬੰਦ ਕਰਨਾ ਹੀ ਹੋਇਆ।

ਜੈਨ ਸਾਹਿਬ ਦੇ ਸਾਹਮਣੇ ਖੜੀ ਮੂਰਤ ਦਾ ਉਹਦੇ ਨਾਂ ਨਾਲ ਉੱਕਾ ਜੋੜ ਨਹੀਂ ਸੀ। ਮਿਲਾਂ ਤੇ ਜਗੀਰਾਂ ਸਾਰੇ ਮਾਂ ਬਾਪ ਆਪਣੇ ਬੱਚਿਆਂ ਲਈ ਨਹੀਂ ਛੱਡ ਸਕਦੇ, ਵਧੀਆ ਨਾਂ ਦੇਣ ਵਿਚ ਕੀ ਰੋਕ ਹੈ!" ਉਨ੍ਹਾਂ ਨੇ ਸੋਚਿਆ ਤੇ ਬੇਵੱਸ ਮੁਸਕਰਾ ਪਏ।

"ਤੇਰੇ ਬਾਪ ਦਾ ਨਾਉਂ ?"

"ਸ੍ਰੀ ਚੰਦਰ"

"ਚੰਦਰ ਮੋਹਨ"

ਦੋਸ਼ੀ ਤੇ ਕੋਰਟ ਇੰਨਸਪੈਕਟਰ ਇਕੋ ਵੇਲੇ ਬੋਲ ਪਏ। ਜੈਨ ਸਾਹਬ ਦੀ ਕਲਮ ਰੁਕ ਗਈ। "ਇਕ ਗੱਲ ਕਰੋ ਬਈ", ਉਨ੍ਹਾਂ ਨੇ ਰਤਾ ਖਿਝ ਕੇ ਕਿਹਾ।

"ਆਈ ਐਮ ਸੋਰੀ ਸਰ। ਦੀ ਨੇਮ ਔਫ਼ ਦੀ ਫ਼ਾਦਰ ਇਜ਼ ਚੰਦਰ ਮੋਹਨ। ਆਈ ਐਡਿਡ ਸ੍ਰੀ ਆਊਟ ਔਫ਼ ਰੈਸਪੈਕਟ।"

ਕੋਰਟ ਇੰਨਸਪੈਕਟਰ ਦੀਆਂ ਸਤੇ ਸੁੱਧਾਂ ਵਿਸਰ ਗਈਆਂ। ਜੈਨ ਸਾਹਿਬ ਦੀ ਹੈਰਾਨੀ ਵੀ ਘੱਟ ਨਹੀਂ ਸੀ। ਪਰ ਉਨ੍ਹਾਂ ਨੇ ਆਪਣਾ ਆਪ ਸੰਭਾਲ ਕੇ ਇਕ ਸਵਾਲ ਹੋਰ ਕੀਤਾ, "ਪੜ੍ਹਿਆ ਕਿਥੋਂ ਤਕ ਹੈਂ ? ਮੈਟਰਿਕ ਮੁਕਾ ਲਿਆ ਸੀ ?"

"ਮੈਂ ਪਟਿਆਲੇ ਤੋਂ ਬੀ. ਐਸ. ਸੀ. ਕੀਤੀ ਸੀ ਜਨਾਬ।"

ਜੈਨ ਸਾਹਬ ਦੇ ਠਰ੍ਹਮੇ ਦੀ ਆਖ਼ਰੀ ਧਿਰ ਟੁੱਟ ਗਈ। ਹੁਣ ਉਨ੍ਹਾਂ ਦੀਆਂ ਅੱਖਾਂ ਅਗੇ ਭੰਬਰ ਤਾਰੇ ਨੱਚ ਰਹੇ ਸਨ ਤੇ ਲੱਤਾਂ ਬਾਹਾਂ ਨੂੰ ਕੰਬਣੀ ਛੁੱਟੀ ਹੋਈ ਸੀ। ਫ਼ਾਈਲ ਇਕ ਪਾਸੇ ਧੱਕ ਕੇ ਜੰਗਲੇ ਦੇ ਸਹਾਰੇ ਉਹ ਰੀਟਾਇਰਿੰਗ ਰੂਮ ਵਿਚ ਜਾ ਲੁਕੇ।

ਜਿਸ ਸਾਲ ਉਹ ਮਹਿੰਦਰਾ ਕਾਲਜ ਦੀ ਗਿਆਰ੍ਹਵੀਂ ਵਿਚ ਦਾਖ਼ਲ ਹੋਏ, ਵਿਜੈਪਾਲ ਫ਼ੋਰਥ ਈਅਰ ਵਿਚ ਸੀ। ਬੜਾ ਹੀ ਸੰਜੀਦਾ ਸਿਆਣਾ, ਸਾਊ। ਪੜ੍ਹਨ ਵਿਚ ਏਨਾ ਲਾਇਕ ਕਿ ਜਦੋਂ ਕਦੇ ਫਿਜ਼ਿਕਸ


IMPORTERS EXPORTERS WHOLESALERS RETAILERS

ROKKO SAREES & FABRICS

OWNED AND OPERATED BY B.S. KHURANA AND SONS AND GRANDSONS

S-39, GREEN PARK, NEW DELHI-16, INDIA. PHONE: 77790

ਦੀ ਕੋਈ ਪਰੋਬਲਮ ਪਰੋਫ਼ੈਸਰ ਦੇ ਕਾਬੂ ਨਾ ਆਉਂਦੀ ਉਹਨੂੰ ਬਲੈਕ ਬੋਰਡ ਤੇ ਬੁਲਾਉਣਾ ਪੈਂਦਾ। ਅੰਗਰੇਜ਼ੀ ਦੇ ਕਿਸੇ ਸ਼ਬਦ ਮੁਹਾਵਰੇ ਬਾਰੇ ਸ਼ੰਕਾ ਹੁੰਦੀ ਤਾਂ ਉਹਦੀ ਰਾਇ ਆਖ਼ਰੀ ਮੰਨੀ ਜਾਂਦੀ। ਉਹ ਪਹਿਲੇ ਇਮਤਿਹਾਨ ਤੋਂ ਫਸਟ ਆ ਰਿਹਾ ਸੀ ਤੇ ਹਰ ਵਾਰ ਵਜ਼ੀਫ਼ਾ ਜਿਤਦਾ ਸੀ। ਫੇਰ ਇਹ ਨਹੀਂ ਕਿ ਨਿਰਾ ਕਿਤਾਬਾਂ ਗੰਚਰਾ ਹੋਵੇ, ਫੁਟਬਾਲ ਦੀ ਟੀਮ ਦਾ ਸੈਂਟਰ ਫਾਰਵਰਡ ਸੀ, ਤੇ ਉਹਦੇ ਦਮ ਨਾਲ ਹੀ ਕਾਲਜ ਨੂੰ ਸ਼ੀਲਡਾਂ ਤੇ ਟਰੋਫੀਆਂ ਮਿਲ ਰਹੀਆਂ ਸਨ। ਜੈਨ ਹੁਣੀਂ ਵੀ ਉਹਨੂੰ ਜਿਉਲੀਅਸ ਸੀਜ਼ਰ, ਨੈਪੋਲੀਅਨ ਬੋਨਾਪਾਰਟ ਤੋਂ ਛੋਟਾ ਆਦਮੀ ਨਹੀਂ ਸਨ ਸਮਝਦੇ, ਤੇ ਅੱਜ ਉਹ ਦੋਸ਼ੀ ਬਣਿਆ ਖੜਾ ਸੀ ਸੇਵਾ ਸੰਮਤੀ ਦਾ ਬੈਂਚ ਚੁਰਾ ਕੇ ਅੱਠ ਆਨੇ ਵਿਚ ਵੇਚਣ ਲਈ।

ਜੈਨ ਸਾਹਬ ਦਾ ਆਕੀ ਮਨ ਦੁਹਾਈਆਂ ਦੇਣੋਂ ਨਾ ਹਟੇ 'ਪੁਲੀਸ ਵਾਲਿਆ ਨੂੰ ਟਪਲਾ ਲੱਗਾ ਹੈ। ਵਿਜੈਪਾਲ ਗ਼ਰੀਬੀ ਨੇ ਘੇਰ ਲਿਆ ਹੋਵੇਗਾ ਉਹ ਚੋਰ ਨਹੀਂ ਹੋ ਸਕਦਾ।' ਉਨ੍ਹਾਂ ਨੇ ਚਲਾਣ ਪੇਸ਼ ਕਰਨ ਵਾਲੇ ਥਾਣੇਦਾਰ ਨੂੰ ਸੱਦਿਆ ਤੇ ਕੱਚੀਆਂ ਪਿੱਲੀਆਂ ਤਫਤੀਸ਼ਾਂ ਲਈ ਵਰ੍ਹ ਪਏ। ਉਹ ਕਹਿਣ ਲੱਗਾ ਇਕ ਵਾਰ ਸਾਰੀ ਕਹਾਣੀ ਤਾਂ ਸੁਣ ਲਓ, ਫੇਰ ਜੋ ਮਰਜ਼ੀ ਕਰਨਾ।

ਵਜ਼ੀਫ਼ਾ ਉਹਨੂੰ ਐਮ. ਐਸ. ਸੀ. ਪੜ੍ਹਨ ਲਈ ਵੀ ਮਿਲਣਾ ਸੀ ਪਰ ਅਚਾਨਕ ਬਾਪ ਮਰਨ ਨਾਲ ਵਿਧਵਾ ਮਾਂ ਤੇ ਅਣਵਿਆਹੀ ਭੈਣ ਦਾ ਬੋਝ ਉਹਦੇ ਸਿਰ ਤੇ ਆ ਡਿੱਗਾ ਤੇ ਉਹਨੂੰ ਪੜ੍ਹਾਈ ਛੱਡ ਕੇ ਮੁਲਾਜ਼ਮਤ ਭਾਲਣੀ ਪੈ ਗਈ।

ਉਹਨੀਂ ਦਿਨੀਂ ਸਰਕਾਰੀ ਨੌਕਰੀ ਦੇ ਢੂੰਡਾਊ ਲਈ ਕਿਸੇ ਉੱਚੇ ਘਰਾਣੇ ਨਾਲ ਸਬੰਧ ਜੋੜਨਾ ਨਿਹੈਤ ਜ਼ਰੂਰੀ ਸੀ। ਕੋਈ ਲਿਖਦਾ ਮੈਂ ਦੀਵਾਨ ਟਿੱਡਾ ਮਲ ਮਾਲ ਮੰਤਰੀ ਦੇ ਬੰਸ ਵਿਚੋਂ ਹਾਂ। ਕੋਈ ਕਹਿੰਦਾ ਇੱਕੀਏ ਦੇ ਵੀਹ ਤੇ ਇਕ ਪਿੰਡ ਸਾਰੇ ਦੇ ਸਾਰੇ ਸਾਡੇ ਪਰਵਾਰ ਦੀ ਮਲਕੀਅਤ ਹਨ। ਵਿਜੈਪਾਲ ਕੀ ਦੱਸਦਾ ਮੇਰਾ ਬਾਪ ਫਿਰ ਤੁਰ ਕੇ ਪਰਾਂਤਾਂ ਕੜਛੀਆਂ ਕਲੀ ਕਰਦਾ ਰਿਹਾ ਹੈ। ਨਿਰੀ ਫਸਟ ਕਲਾਸ ਬੀ. ਐਸ. ਸੀ. ਕਿਸ ਗਿਣਤੀ ਵਿਚ ਸੀ। ਉਹਦੀ ਹੈਸੀਅਤ ਵਿਚਾਰ ਕੇ ਉਹਨੂੰ ਸੈਂਕੰਡ ਕਲਾਸ ਕਨਸਟੇਬਲ ਭਰਤੀ ਕਰ ਲਿਆ ਗਿਆ।

ਤਨਖ਼ਾਹ ਮਾਮੂਲੀ ਸੀ, ਬਾਰਾਂ ਰੁਪਏ। ਤਾਂ ਵੀ ਉਹਨੂੰ ਭਰੋਸਾ ਸੀ, ਦਿਆਨਤਦਾਰੀ ਤੇ ਮਿਹਨਤ ਨਾਲ ਕੁਝ ਨਾ ਕੁਝ ਬਣ ਕੇ ਰਹੇਗਾ। ਫੇਰ ਦੇਸ਼ ਦੀ ਸੇਵਾ ਪੁਲੀਸ ਤੋਂ ਚੰਗੀ ਕਿਸ ਮਹਿਕਮੇ ਰਾਹੀਂ ਕੀਤੀ ਜਾ ਸਕਦੀ ਸੀ। ਪਰ ਕਿਸਮਤ ਖੋਟੀ। ਮਹੀਨੇ ਤੋਂ ਅਗੋਂ ਉਹਦੀ ਸੂਹਰਤ ਵਿਗੜ ਗਈ, ਤੇ ਉਹ ਬੁਧੂ, ਝੱਖੀ ਸ਼ੁਦਾਈ ਜਿਹੇ ਨਾਵਾਂ ਨਾਲ ਯਾਦ ਕੀਤਾ ਜਾਣ ਲੱਗਾ। ਕੀ ਜੂਨੀਅਰ ਕੀ ਸੀਨੀਅਰ ਥਾਣੇ ਦੇ ਸਾਰੇ ਕਰਮਚਾਰੀ ਉਹਤੋਂ ਐਉਂ ਕੰਨੀਂ ਕਤਰਾਉਂਦੇ ਸਨ, ਜਿਵੇਂ ਉਹਦੀਆਂ ਦੋਹਾਂ ਬਗਲਾਂ ਵਿਚ ਪਲੇਗ ਦੀਆਂ ਗਿਲਟੀਆਂ ਨਿਕਲੀਆਂ ਹੋਣ।

ਇਕ ਦਿਨ।

ਮੁੰਡੇ ਦੀ ਉਮਰ ਵੀਹ ਸਾਲ ਤੋਂ ਘੱਟ ਨਹੀਂ ਹੋਣੀ, ਪਰ ਸਾਦਗੀ ਤੇ ਮਾਸੂਮੀਅਤ ਏਨੀ ਸੀ ਜਿਵੇਂ ਅਜੇ ਦੁਧ ਦੇ ਦੰਦ ਨਾ ਟੁਟੇ ਹੋਣ। ਥਾਣੇ ਦੇ ਦਰਵਾਜ਼ੇ ਤੇ ਰਾਈਫਲ ਚੁੱਕੀ ਖੜੇ ਸੰਤਰੀ ਨੂੰ ਉਹਨੇ ਨਿਆਂ ਤੇ ਸ਼ਕਤੀ ਦਾ ਸਾਕਾਰ ਰੂਪ ਸਮਝਿਆ ਤੇ ਸਤਿ ਸ੍ਰੀ ਅਕਾਲ ਬੁਲਾ ਕੇ ਦੱਸਿਆ ਮੇਰੇ ਬਾਪੂ ਨੂੰ ਦੁੱਲੇ ਬਰਾੜ ਨੇ ਸਫਾਜੰਗ ਨਾਲ ਜਾਨ ਤੋਂ ਮਾਰ ਦਿੱਤਾ। ਮੁੰਡੇ ਦੀ ਉਧੜੀ ਜੇਬ ਵਿਚ ਕੱਫਣ ਦੇ ਕਪੜੇ ਲਈ ਲਿਆਂਦੇ ਦੋ ਦਸ ਦਸ ਦੇ ਨੋਟ ਦੇਖ ਕੇ ਸਿਪਾਹੀ ਦੀ ਨਜ਼ਰ ਲਲਚਾਈ। 'ਸ਼ਕਾਰ ਅਲ੍ਹੂਆਂ ਜਿਹਾ ਨਿਆਸਰਾ ਜਿਹਾ ਤਾਂ ਠੀਕ ਹੈ, ਪਰ ਹੁਣ ਦੇ ਹਾਲਾਤ ਵਿਚ ਇਹ ਤੇਰੇ ਮਾਰਨ ਦਾ ਨਹੀਂ' ਉਹਨੇ ਸੋਚਿਆ ਤੇ ਉਹਨੂੰ ਦਫ਼ਤਰ ਵਿਚ ਵਾੜ ਕੇ ਆਪਣੀ ਥਾਂ ਤੇ ਮੁੜ ਆਇਆ।

ਹਵਾਲਦਾਰ ਵਸਾਖਾ ਸਿੰਘ ਹੰਢਿਆ ਰੋੜ੍ਹਿਆ ਪੁਲਸੀਆ ਸੀ। ਉਹ ਅੱਖਾਂ ਨੂਟ ਕੇ ਵੀ ਪਛਾਣ ਸਕਦਾ ਸੀ ਇਹ ਬੰਦਾ ਅਪਰਾਧ ਕਰ ਸਕਦਾ ਹੈ ਕਿ ਨਾ। ਜੇ ਹੈ ਤਾਂ ਕਿੱਡਾ ਕੁ। ਫੇਰ ਵੀ ਉਹਨੇ ਭਬਕ ਮਾਰੀ, 'ਓਏ ਹਰਾਮੀਆ ਨਾਲੇ ਕਤਲ ਨਾਲੇ ਚਤਰਾਈ, ਸਾਲਿਆ ਤੂੰ ਸਾਨੂੰ ਚਾਹਦੈਂ!'

ਮੁੰਡੇ ਨੂੰ ਇਕ ਝੁਣਝੁਣੀ ਆਈ ਤੇ ਉਹਦੇ ਗਿੱਟੇ ਪਿਸ਼ਾਬ ਨਾਲ ਭਿਜ ਗਏ। 'ਸੌਂਹ ਗਊ ਦੀ, ਸੌਂਹ ਗਊ ਦੀ...'

'ਭੌਂਕ ਨਾ ਹਰਾਮਜ਼ਾਦਾ ਕੁੱਤੜਾ', ਵਸਾਖਾ ਸਿੰਘ ਕੜਕਿਆ। ਪਾਟੀ ਜੇਬ ਵਲ ਹੱਥ ਵਧਾ ਕੇ ਉਹਨੇ ਦੋਵੇਂ ਨੋਟ ਇਕ ਚੁਟਕੀ ਨਾਲ ਸਹਾਰ ਲਏ ਤੇ ਅੱਗੇ ਨਾਲੋਂ ਵੀ ਉੱਚੀ ਆਵਾਜ਼ ਵਿਚ ਹੁਕਮ ਦਿੱਤਾ, 'ਹੋਰ ਕੱਢ ਕੀ ਹੈ, ਤੇਰੇ ਕੋਲ।' ਜਿਵੇਂ ਕੁਛ ਚੋਰੀ ਦਾ ਜ਼ੇਵਰ ਮੁੰਡੇ ਦੀ ਡੱਬ ਵਿਚ ਲੱਭ ਪਿਆ ਹੋਵੇ ਤੇ ਬਾਕੀ ਉਸ ਦੇ ਕਿਧਰੇ ਦੱਬੀ ਲੁਕਾਈ ਬੈਠੇ ਹੋਣ ਦਾ ਯਕੀਨ ਹੋਵੇ।

ਅਜੇਹੇ ਮੌਕੇ ਵਿਜੈਪਾਲ ਦਾ ਸੁਦਾਅ ਅਵੱਸ਼ ਜਾਗ ਪੈਣਾ ਹੋਇਆ। ਉਹਨੇ ਰੋਜ਼ਨਾਮਚਾ ਹੈਡਮੁਹਰਰ ਦੇ ਡੈਸਕ ਤੋਂ ਘਸੀਟ ਲਿਆ ਤੇ ਬਾਹੋਂ ਫੜ ਕੇ ਮੁੰਡੇ ਨੂੰ ਕਿਹਾ, 'ਐਧਰ ਆ ਮੈਂ ਤੇਰੀ ਰਪਟ ਲਿਖਾਂ।' ਆਪਣੇ ਮਾਤਹਤ ਦੀ ਏਸ ਗੁਸਤਾਖ਼ ਜ਼ਬਰਦਸਤੀ ਤੋਂ ਵਸਾਖਾ ਸਿੰਘ ਨੂੰ ਵੀ ਰੋਹ ਆ ਗਿਆ ਤੇ ਉਹ ਫਰਿਆਦੀ ਨੂੰ ਲੱਤ

MOVIES FOREIGN EXCHANGE CONCERT

SIHOTA DISTRIBUTORS

MANAGER KARTAR SINGH AHLUWALIA

3483 KINGSWAY, VANCOUVER, B.C., CANADA. V5R 5L5.

PHONE: 438-1304 324-2557

ਤੇ ਝਟਕਾ ਮਾਰਦਿਆ ਖੋਲਿਆ, 'ਓਇ ਤੂ ਅੱਖ ਖੜ ਨਿਚਲਾ ਹੋ ਕੇ।' ਮੁੰਡੇ ਦੀ ਬੱਦੀ ਲੰਗੋਟੀ ਜਿਵੇਂ ਉਹਤੋਂ ਨਿਖੜਨ ਲਈ ਬਹਾਨਾ ਹੀ ਭਾਲਦੀ ਹੋਵੇ, ਟੁੱਟ ਕੇ ਜ਼ਮੀਨ ਤੇ ਡਿੱਗ ਪਈ।

ਵਿਜੈਪਾਲ ਦੀ ਅੱਖ ਵਸਾਖਾ ਸਿੰਘ ਵਲ ਉੱਠੀ, ਤਾਂ ਉਸਨੂੰ ਉਸ ਵਿਚ ਵੀਹ ਤੀਹ ਜੁਆਲਾ-ਮੁਖੀ ਉਬਲਦੇ ਨਜ਼ਰ ਆਏ। ਉਹਨੇ ਪੋਲੇ ਜੇਹੇ ਹੱਥ ਨਾਲ ਰਜਿਸਟਰ ਤੇ ਪਏ ਨੋਟ ਖੀਸੇ ਵਿਚ ਟਿਕਾਏ ਤੇ ਦਬੇ ਪੈਰੀਂ ਬਾਹਰ ਨਿਕਲ ਗਿਆ।

ਥਾਣੇਦਾਰ ਸਾਹਬ ਹਫ਼ਤੇ ਦੀ ਛੁੱਟੀ ਕੱਟਕੇ ਮੁੜੇ ਤਾਂ ਘਰ ਦਾ ਨਕਸ਼ਾ ਹੀ ਪਲਟਿਆ ਹੋਇਆ ਸੀ। ਨਾ ਨਾਸ਼ਤੇ ਲਈ ਬਿਸਕੁਟ ਆਮਲੇਟ, ਨਾ ਲੰਚ ਲਈ ਮੁਰਗਾ ਕੋਫ਼ਤੇ। ਬੱਚੇ ਪੰਜ ਦਿਨਾਂ ਤੋਂ ਫਲ ਤੇ ਦੁੱਧ ਬਿਨਾਂ ਸਕੂਲ ਜਾ ਰਹੇ ਸਨ ਤੇ ਉਨ੍ਹਾਂ ਦਾ ਜੇਬ ਖ਼ਰਚ ਵੀ ਉੱਕਾ ਬੰਦ ਸੀ। ਧੋਬੀ ਦਰਜ਼ੀ, ਨਾਈ, ਪਰਚੂਨੀਆਂ, ਹਲਵਾਈ, ਕਈ ਕਈ ਗੇੜੇ ਮਾਰ ਗਏ ਸਨ ਪਰ ਉਨ੍ਹਾਂ ਦੇ ਪੱਲੇ ਪਾਈ ਨਹੀਂ ਸੀ ਪਾਈ ਗਈ। ਇੰਨਸਪੈਕਟਰ ਸਾਹਬ ਦਾ ਅਰਦਲੀ ਆਇਆ ਤਾਂ ਉਹਨੇ ਪਹਾੜ ਜਿੱਡਾ ਉਲਾਭਾਂ ਦਿੱਤਾ। ਸ਼ੇਖ ਹੁਣਾਂ ਨੂੰ ਕਿਸੇ ਨੇ ਸੁਨੇਹਿਆਂ ਦੇ ਬਾਵਜੂਦ ਮਸਾਲੇਦਾਰ ਛੱਡ ਕੇ ਠੱਰਾ ਵੀ ਨਹੀਂ ਸੀ ਪਹੁੰਚਦੀ ਕੀਤੀ। ਏਸ ਤੋਂ ਪਹਿਲਾਂ ਕਿ ਥਾਣੇਦਾਰ ਸਾਹਿਬ ਇਸ ਸਾਰੀ ਖੱਪ ਲਈ ਜ਼ੁਮੇਵਾਰ ਹੈਡਮੁਹਰਰ ਦੇ ਖ਼ਿਲਾਫ਼ ਜ਼ਬਾਨ ਖੋਲ੍ਹਦੇ ਉਹਨੇ ਪੇਟੀ ਉਤਾਰ ਕੇ ਉਨ੍ਹਾਂ ਦੇ ਸਾਹਮਣੇ ਸੁੱਟ ਦਿੱਤੀ। ਤੇ ਸਾਫ਼ ਸਾਫ਼ ਕਿਹਾ ਜਦ ਤਕ ਵਿਜੈਪਾਲ ਏਥੋਂ ਨਹੀਂ ਕਢਿਆ ਜਾਂਦਾ ਮੇਰੇ ਕੋਲੋਂ ਥਾਣੇ ਦੇ ਖ਼ਰਚ ਵਾਸਤੇ ਇਕ ਕੌਡੀ ਦੀ ਆਸ ਨਾ ਰੱਖਣਾ।

ਥਾਣੇਦਾਰ ਸਾਹਿਬ ਦਾ ਮੱਥਾ ਤਾਂ ਉਦੋਂ ਹੀ ਠਣਕਿਆ ਸੀ ਜਦ ਵਿਜੈਪਾਲ ਦੀ ਨਿਯੁਕਤੀ ਦੇ ਹੁਕਮ ਵਿਚ ਉਸ ਦਾ ਬੀ. ਐਸ. ਸੀ. ਹੋਣਾ ਪੜ੍ਹਿਆ। ਕਾਲਜ ਹੋ ਆਏ ਲੋਕ ਉਨ੍ਹਾਂ ਦਾ ਵਿਚਾਰ ਸੀ ਥਾਣਿਆਂ ਵਿਚ ਨਹੀਂ ਨਿਭ ਸਕਦੇ। ਇਹ ਤਾਂ ਦਫ਼ਤਰਾਂ ਵਿਚ ਹੀ ਦਫ਼ਾ ਕਰਨੇ ਚਾਹੀਦੇ ਹਨ। ਪਰ ਜਿਹੜੇ ਕਾਰਨਾਮੇ ਉਨ੍ਹਾਂ ਦੇ ਗੁਣੇ ਪਏ ਗ੍ਰੈਜੂਏਟ ਦੇ ਵਸਾਖਾ ਸਿੰਘ ਨੇ ਦੱਸੇ ਸਨ, ਉਹ ਤਾਂ ਉਨ੍ਹਾਂ ਦੇ ਭੈੜੇ ਤੋਂ ਭੈੜੇ ਅਨੁਮਾਨਾਂ ਨੂੰ ਵੀ ਪਿੱਛੇ ਛੱਡ ਗਏ। ਉਨ੍ਹਾਂ ਨੇ ਝਟ ਰਪੋਟ ਕਰ ਦਿੱਤੀ, 'ਗੁਜ਼ਾਰਿਸ਼ ਫਿਦਵੀ ਕੀ ਏਹ ਹੈ ਕਿ ਵਿਜੈਪਾਲ ਮਦਦ ਮੁਹਰਰ ਸੋਸ਼ਲਿਸ਼ਟ ਖ਼ਿਆਲਤ ਕਾ ਸ਼ਰਾਰਤੀ ਕਿਸਮ ਕਾ ਆਦਮੀ ਹੈ, ਜਿਸ ਨੇ ਯਹਾਂ ਆਤੇ ਹੀ ਮਹਸ਼ਰ ਬਪਾ ਕਰ ਦੀਆ ਹੈ। ਐਸੇ ਸ਼ਖ਼ਸ ਕਾ ਸਦਰ ਜੈਸੇ ਥਾਨਾਂ ਮੇਂ ਤਈਨਾਤ ਹੋਨਾ ਨਿਹਾਇਤ ਨਾਮੁਨਾਸਿਬ ਹੈ। ਲਿਹਾਜ਼ਾ ਦਸਤ ਬਸਤਾ ਇਲਤਮਾਸ ਹੈ ਉਸੇ ਕਹੀਂ ਔਰ ਮੁੰਤਕਿਲ ਕੀਆ ਜਾਏ।"

— ਤੇ ਵਿਜੈਪਾਲ ਦਾ ਪੱਤਾ ਕਟ ਗਿਆ।

ਮਸੀਬਤਾਂ ਉਹਦੀਆਂ ਪਰ ਹੋਰ ਥਾਂ ਬਦਲ ਕੇ ਵੀ ਨਾ ਮੁੱਕੀਆਂ। ਆਪ ਪਿੱਛੋਂ ਆਇਆ, ਬਦਨਾਮੀ ਪਹਿਲਾਂ ਪਹੁੰਚ ਗਈ। 'ਭੁਖੇ ਘਰ ਦਾ ਐ। ਸਿਪਾਹੀ ਬਣ ਕੇ ਆਫਰ ਗਿਆ।' 'ਭਲੇ ਵੇਲੇ ਦੋ ਅੱਖਰ ਪੜ੍ਹ ਲਏ। ਹੁਣ ਉਨ੍ਹਾਂ ਦੀ ਆਕੜ ਨਹੀਂ ਚੱਕੀ ਜਾਂਦੀ।' 'ਆਪ ਕੁਛ ਖਾਣ ਦਾ ਹੌਸਲਾ ਨੀਂ। ਹੋਰ ਕੋਈ ਖਾਂਦਾ ਝੱਲਿਆ ਨਹੀਂ ਜਾਂਦਾ।'

ਹਾਜ਼ਰੀ ਦੀ ਰਿਪੋਰਟ ਦੇਣ ਚੌਧਰੀ ਸਾਹਿਬ ਦੇ ਪੇਸ਼ ਹੋਇਆ 'ਮੈਂ ਵਿਜੈਪਾਲ ਹਾਂ ਜੀ... ਜਨਾਬ ਦਾ ਮਦਦ ਮੁਹਰਰ... ਸਦਰਥਾਣੇ ਤੋਂ ਮੁੰਤਕਿਲ ਹੋ ਕੇ ਆਇਆ ਹਾਂ .. ਮੈਂ ਵਾਹਦਾ ਕਰਦਾਂ ਜਨਾਬ ਪੂਰੀ ਨੇਕ ਨੀਯਤੀ ਤੇ ਈਮਾਨਦਾਰੀ ਨਾਲ ਆਪ ਦੀ ਖ਼ਿਦਮਤ ਕਰਾਂਗਾ।...

ਉਹ ਦੂਜੇ ਵੰਨੇ ਮੂੰਹ ਫੇਰ ਕੇ ਸਿਗਰਟ ਦੇ ਕਸ਼ ਲਾਉਂਦੇ ਰਹੇ। ਜਵਾਬ ਵਿਚ ਕੁਛ ਨਾ ਕਿਹਾ।

ਨਾ ਥਾਣੇ ਦੇ ਕਿਸੇ ਆਦਮੀ ਨੇ ਵਿਜੈਪਾਲ ਦੀ ਸਲਾਮ ਬੰਦਗੀ ਮੰਨੀ ਨਾ ਉਹਨੂੰ ਕੋਈ ਮੰਜਾ ਮੂਹੜਾ ਦਿੱਤਾ। ਦੁਪਹਿਰ ਹੋਈ ਸਾਰੇ ਕੋਲੋਂ ਉੱਠ ਕੇ ਕਿਚਨ ਨੂੰ ਚਲੇ ਗਏ, ਉਹਨੂੰ ਉਤੋਂ ਉਤੋਂ ਵੀ ਰੋਟੀ ਦੀ ਸੁਲਾਹ ਨਾ ਮਾਰੀ। ਭੁੱਲ ਕੇ ਵੀ ਕੋਈ ਉਹਦੇ ਨਾਲ ਗੱਲ ਨਾ ਤੋਰੇ, ਉਹਦੀ ਛੇੜੀ ਤੇ ਹੁੰਘੂਰਾ ਨਾ ਭਰੇ। ਉਹ ਤਾਂ ਜਿਵੇਂ ਭੂਤ ਪਰੇਤ ਸੀ। ਜੇ ਦਿੱਸੇ ਹੀ ਨਾ ਉਹਨੂੰ ਗੌਲੇ ਕੌਣ।

ਵਿਜੈਪਾਲ ਹੈਰਾਨ ਇਹ ਭਾਣਾ ਕੀ ਬੀਤ ਰਿਹਾ ਹੈ। ਮੇਰੇ ਕੋਲੋਂ ਹੋ ਕੀ ਗਿਆ।

ਪੰਜ ਛੇ ਦਿਨ ਇਸੇ ਤਰ੍ਹਾਂ ਲੰਘ ਗਏ। ਫੇਰ ਇਕ ਸਵੇਰੇ ਹੈਡ ਮੁਹਰਰ ਕਹਿਣ ਲੱਗਾ ਮੈਂ ਅੱਜ ਜ਼ਿਲੇ ਜਾਣੈ, ਸੈਸ਼ਨ ਕੇਸ 'ਚ ਸ਼ਹਾਦਤ ਐ। ਥਾਣੇਦਾਰ ਸਾਹਿਬ ਵੀ ਹੋਣੇ ਨਹੀਂ। ਤੂੰ ਪਿੱਛੋਂ ਰੋਜ਼ਨਾਮਚਾ ਤੋਰੀਂ ਜਾਈਂ। ਸਾਧਾਰਨ ਰਪਟ ਹੋਵੇ ਤਾਂ ਘੱਟੋ ਘੱਟ ਪੰਜ ਰੁਪਈਏ ਲੈਣੇ ਹਨ, ਡਕੈਤੀ ਜਬਰ ਪਨਾਹ ਵਰਗੇ ਵੱਡੇ ਜੁਰਮ ਦੀ ਹੋਵੇ ਤਾਂ ਵੀਹ। ਆਹਮੋ ਸਾਮ੍ਹਣੇ ਦੀ ਲੜਾਈ ਵਿਚ ਸੌ ਵੀ ਮੰਗ ਲਵੇਂਗਾ ਤਾਂ ਹੱਸ ਕੇ ਦੇ ਜਾਣਗੇ। ਡਿਪਟੀ ਸਾਹਿਬ ਦੀ ਲੜਕੀ ਦੀ ਸ਼ਾਦੀ ਐ। ਥਾਣੇ ਕੰਨੀਓਂ ਕੋਈ ਕੀਮਤੀ ਜ਼ੇਵਰ ਦੇਣਾ ਪਾਊ। ਖਾਸੇ ਪੈਸੇ ਚ ਹੀਦੇ ਨੇ। ਧਿਆਨ ਰੱਖੀਂ।

ਉਹ ਕਹਿਣ ਚਾਹੁੰਦਾ ਸੀ, ਇਹ ਤਾਂ ਬੜੀ ਜ਼ਿਆਦਤੀ ਹੈ। ਤੁਸੀਂ ਮਰਿਆਂ ਨੂੰ ਮਾਰਦੇ ਹੋ। ਦਬਿਆਂ ਨੂੰ ਕੁਚਲਦੇ ਹੋ। ਪਰ

IMPORTERS EXPORTERS WHOLESALERS RETAILERS
**ROKKO SAREES & FABRICS**
6201 FRASER ST., (At 46th Ave.) VANCOUVER-15, B.C., CANADA. PHONE: 327-3033
OWNED AND OPERATED BY B. S. KHURANA AND SONS AND GRANDSONS

# ਦਾਰਾ ਸਿੰਘ ਨੂੰ ਦੁਨੀਆਂ



DARA SINGH

## ਪਹਿਲਵਾਨਾਂ ਨੇ ਦਾ

## ਉਤਰਨ ਲ

### ਦਾਰਾ ਸਿੰਘ ਨੇ ਰੇਲ

## ਸ਼ੇਰਾਂ ਦਾ

ਕੈਨੇਡਾ, ਇੰਗਲੈਂਡ, ਪੋਲੈਂਡ, ਮਲੇਸ਼ੀਆ ਤੇ ਪਾਕਿ

## P.N.E. Pacific Col

ON SUNDAY 30TH JUN

## MEMORIAL AR

ON MONDAY 1ST JUL

**TICKETS: $11.00, $9.00 AND $7.00 IN VANCO**

**ROKKO SAREES & FABRICS, 6201 F**

**AND AT 8183 Main Street. For Fu**

# ਦੇ ਪਹਿਲਵਾਨਾਂ ਵੱਲੋਂ ਚੈਲੰਜ

## ਾ ਸਿੰਘ ਨੂੰ ਅਖਾੜੇ 'ਚ

## ੀ ਵੰਗਾਰਿਆ

## ਜ ਮੰਜ਼ੂਰ ਕਰ ਲਿਆ

## ੜ ਹੋਵੇਗਾ

ਤਾਨ ਦੇ ਚੈਂਪੀਅਨ ਮੁਕਾਬਲੇ ਵਿਚ ਉਤਰਨਗੇ

## seum Vancouver

1974 AT 2:00 P.M.

## NA VICTORIA

1974 AT 8:00 P.M.

ER. ADVANCE BOOKING AT

ser Street PHONE: 327-3033

r Information Call 327-3158



ਉਹਨੇ ਚੁੱਪ ਵਿਚ ਹੀ ਭਲਾਈ ਸਮਝ ਕੇ ਨੀਵੀਂ ਪਾਈ ਰੱਖੀ।

ਦਿਨ ਵਿਚ ਤਿੰਨ ਇਤਲਾਹਾਂ ਆਈਆਂ। ਇਕ ਡਿਉਰ ਦੀ ਦਸ ਸਾਲ ਦੀ ਕੁੜੀ ਬੇਪਤੀ ਕੀਤੀ ਗਈ ਸੀ, ਜਦੋਂ ਉਹ ਕਿਸੇ ਦੇ ਘਰ ਸਦਾ ਵਾਂਗ ਪਾਣੀ ਦਾ ਘੜਾ ਰੱਖਣ ਗਈ। ਉਹ ਅਧਹੋਸ਼ੀ ਦੀ ਹਾਲਤ ਵਿਚ ਕਰਾਹ ਰਹੀ ਸੀ ਤੇ ਉਹਦੀ ਸਲਵਾਰ ਚੋਂ ਲਹੂ ਦੇ ਘਰਾਲ ਵਗ ਰਹੇ ਸਨ। ਇਕ ਗ਼ਰੀਬ ਕਰਸਾਣ ਤੋਂ ਦੋ ਬੁਰਛਿਆਂ ਨੇ ਡੰਗਰਾਂ ਦੀ ਮੰਡੀ ਦੇ ਰਾਹ ਤੇ ਭੱਲੇ ਵਖਾ ਕੇ ਅੱਸੀ ਰੁਪਏ ਖੋਹ ਲਏ ਸਨ, ਜਿਹੜੇ ਉਹ ਘਰ ਦਾ ਇਕੋ ਪਸ਼ੂ-ਤੋਕੜ ਗਾਂ ਵੇਚ ਕੇ ਆਪਣੀ ਪੋਤੀ ਦੇ ਮੁਕਲਾਵੇ ਲਈ ਲਿਆਇਆ ਸੀ। ਹੋਰ ਇਕ ਥਾਂ ਚੋਕੀਦਾਰ ਨੂੰ ਸਫੈਦਪੋਸ਼ ਨੇ ਏਸ ਲਈ ਮਾਰਿਆ ਸੀ ਕਿ ਉਹ ਪਿੰਡ ਦਾ ਕੰਮ ਛੱਡ ਕੇ ਉਹਦੇ ਖਲ੍ਹਵਾੜੇ ਦੀ ਰਾਖੀ ਪੈਣ ਨੂੰ ਨਹੀਂ ਸੀ ਮੰਨਿਆ। ਸ਼ਾਮ ਨੂੰ ਮੁੜ ਕੇ ਹੈਡ ਮੁਹਰਰ ਨੇ ਰਜਿਸਟਰ ਤੇ ਇਕ ਨਜ਼ਰ ਮਾਰੀ, ਤੇ ਫੇਰ ਹੱਥ ਫੈਲਾ ਕੇ ਬਨਾਉਟੀ ਮਿਠਾਸ ਨਾਲ ਕਿਹਾ, 'ਪੈਸੇ !'

ਵਿਜੈਪਾਲ ਨੇ ਉਹਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਮੋੜਵਾਂ ਸਵਾਲ ਕੀਤਾ, 'ਪੈਸੇ ?' ਉਹਦੇ ਸੁਰ ਵਿਚ ਏਨੀ ਤਲਖ਼ੀ ਤੇ ਤਪਸ਼ ਸੀ ਕਿ ਹੈਡ ਮੁਹਰਰ ਤ੍ਰਭਕ ਕੇ ਪਾਸੇ ਹੋ ਗਿਆ।

ਅਗਲੇ ਦਿਨ ਵਿਜੈਪਾਲ ਨੂੰ ਕੈਦੀਆਂ ਦਾ ਹੱਥ ਮੂੰਹ ਧੁਆਉਣ ਦੀ ਡਿਊਟੀ ਮਿਲੀ। ਇਹਦੀ ਪੂਰਤੀ ਸਮੇਂ ਇਕ ਚੁੱਪ ਚਾਪ ਆਪਣੇ ਧਿਆਨ ਤੁਰੇ ਜਾਂਦੇ ਹਿਰਾਸਤੀ ਨੇ ਮੁੱਕੀ ਵੱਟ ਕੇ ਉਹਦੀ ਪੁੜਪੁੜੀ ਵਿਚ ਮਾਰੀ ਤੇ ਉਹਦੇ ਪੈਰ ਉਖੜ ਗਏ। ਘਬਰਾਹਟ ਵਿਚ ਉਹਨੂੰ ਸੁਝਿਆ ਕੈਦੀ ਨੱਸਣ ਲੱਗਾ ਹੈ ਤੇ ਉਹਨੇ ਉਹਨੂੰ ਜੱਫਾ ਮਾਰ ਕੇ ਹੇਠਾਂ ਸੁਟ ਲਿਆ। ਜ਼ਮੀਨ ਤੇ ਪਏ ਉਸ ਬਦਮਾਸ਼ ਦੇ ਹੱਥ ਵਿਚ ਲਹੂ ਭਰਿਆ ਦੰਦ ਦੇਖ ਕੇ ਸਾਰੇ ਪੁਲਸੀਏ ਉਹਦੀ ਹਮਾਇਤ ਵਿਚ ਉਠ ਖੜੋਤੇ, ਤੇ ਉਹਦਾ ਪੁੱਠਾ ਸਿੱਧਾ ਬਿਆਨ ਲਿਖ ਕੇ ੩੨੫ ਦਾ ਮੁਕਦਮਾ ਬਣਾ ਲਿਆ। ਵਿਜੈਪਾਲ ਨੇ ਬਥੇਰਾ ਕਿਹਾ ਮੱਢੇ ਭਾਰ ਡਿੱਗ ਕੇ ਦੰਦ ਕਿਵੇਂ ਨਿਕਲ ਸਕਦਾ ਹੈ, ਪਰ ਉਹਦੀ ਸੁਣੇ ਕੌਣ।

ਇਹ ਸਾਰੀ ਸ਼ਰਾਰਤ ਚੋਧਰੀ ਦੀ ਹੈ, ਉਹਨੂੰ ਸਮਝਦਿਆਂ ਦੇਰ ਨਾ ਲੱਗੀ। ਤੇ ਉਹਨੇ ਜਾਨ ਬਚਾਉਣ ਲਈ ਆਪਣੀ ਟਰਾਂਸਫਰ ਦੀ ਦਰਖ਼ਾਸਤ ਉਪਰਲੇ ਹਾਕਮਾਂ ਨੂੰ ਘੱਲ ਦਿੱਤੀ।

ਜੇ ਕਿਸੇ ਬੰਦੇ ਨੂੰ ਇਕ ਪੱਖ ਵਿਚ ਦੋ ਵਾਰ ਬਦਲਣਾ ਪੈ ਜਾਇ ਉਹਦੇ ਨਿਕੰਮਾ ਹੋਣ ਵਿਚ ਕੀ ਸ਼ੱਕ। ਐਸ. ਪੀ. ਸਾਹਿਬ ਨੇ ਵਿਜੈਪਾਲ ਨੂੰ ਰਿਆਸਤ ਦੇ ਕਾਲੇ ਪਾਣੀ, ਬਹਾਦਰ ਗੜ੍ਹ ਭੇਜ ਦਿੱਤਾ।

ਓਥੇ ਉਹਦਾ ਵਾਹ ਮਹਾਸ਼ਾ ਗੁਵਰਧਨ ਲਾਲ ਨਾਲ ਪਿਆ, ਜਿਹੜੇ ਬੇਅੰਤ ਸ਼ਕੈਤਾਂ ਕਾਰਨ ਸਜ਼ਾ ਵਜੋਂ ਏਥੇ ਸੁੱਟੇ ਗਏ ਸਨ। ਰਿਸ਼ਵਤ ਨਾ ਕਦੇ ਉਨ੍ਹਾਂ ਨੇ ਆਪਣੇ ਮੂੰਹੋਂ ਮੰਗੀ ਸੀ ਨਾ ਆਪਣੇ ਹੱਥ ਨਾਲ ਫੜੀ ਸੀ। ਤਦੇ ਉਹ ਲੱਖਾਂ ਕਮਾਉਣ ਦੇ ਬਾਵਜੂਦ ਅੱਜ ਤਕ ਕਿਸ ਜਾਲ ਵਿਚ ਨਹੀਂ ਸਨ ਫਸੇ।

ਮਹਾਸ਼ਾ ਜੀ ਮਾਤਹਿਤਾਂ ਦੀ ਹਰ ਭੁੱਲ ਮੁਆਫ਼ ਕਰ ਛੱਡਦੇ ਸਨ, ਬਿਨਾਂ ਇਕ ਈਮਾਨਦਾਰੀ ਤੋਂ। ਕਾਰਨ ਸਪਸ਼ਟ ਸੀ। 'ਜੇ ਅਧੀਨ ਕਰਮਚਾਰੀ ਆਪ ਕੁਛ ਨਾ ਖਾਏਗਾ ਸਾਨੂੰ ਕੀ ਖੁਆ ਦਏਗਾ।' ਵਿਜੈਪਾਲ ਆਕੜੂੰਦਾ ਹੀ, ਏਸ ਲਈ, ਉਨ੍ਹਾਂ ਦੀਆਂ ਅੱਖਾਂ ਵਿਚ ਰੜਕਣ ਲੱਗ ਪਿਆ।

ਪੰਜ ਸਤ ਦਿਨ ਬਾਅਦ ਖ਼ਾਨ ਸਾਹਬ ਨਵਾਬ ਅਤਾਉੱਲਾ ਆਫ਼ੀਸਰ ਆਨ ਸਪੈਸ਼ਲ ਡਿਊਟੀ ਟੂਰ ਤੇ ਆਏ। ਉਨ੍ਹਾਂ ਨੇ ਮਹਾਰਾਜ ਦੇ ਸ਼ਿਕਾਰ ਲਈ ਪਰਬੰਧ ਕਰਨੇ ਸਨ। ਇਹ ਕੋਈ ਨਹੀਂ ਸੀ ਜਾਣਦਾ, ਉਨ੍ਹਾਂ ਨੂੰ ਨਵਾਬ ਕਿਉਂ ਕਿਹਾ ਜਾਂਦਾ ਸੀ। ਸ਼ਾਇਦ ਉਹ ਕਿਸੇ ਮੁਸਲਮਾਨ ਹੁਕਮਰਾਮ ਦੇ ਭਰਾ ਸਨ, ਸਾਲੇ, ਜਾਂ ਬਾਂਦੀ ਦੇ ਪੁੱਤਰ। ਪਰ ਉਨ੍ਹਾਂ ਨੂੰ ਏਥੇ ਨੌਕਰੀ ਇਸ ਲਈ ਮਿਲੀ ਸੀ ਕਿ ਉਹ ਚਰਿੰਦਾ ਪਰਿੰਦਾਂ ਦੀਆਂ ਆਦਤਾਂ ਖ਼ਸਲਤਾਂ ਦੇ ਬਹੁਤ ਭੇਤੀ ਸਨ — ਕਦ ਜਾਨਵਾਰ ਸੌਂਦਾ ਹੈ, ਕਦ ਉਦਰ ਪੂਰਤੀ ਲਈ ਘੁੰਮਣ ਨਿਕਲਦਾ ਹੈ, ਕਿੰਨੀ ਦੂਰੋਂ ਸੁਣ ਦੇਖ ਸਕਦਾ ਹੈ, ਕਿੰਨਾ ਕੁ ਤੇਜ਼ ਉੱਡਦਾ ਦੌੜਦਾ ਹੈ। ਫੇਰ ਮਚਾਨ ਬਣਾਉਣੇ, ਜਾਲ ਲਾਉਣੇ, ਕੁੱਤੇ ਪਾਲਣੇ, ਸਿਖਾਉਣੇ, ਖੱਲਾਂ ਰੰਗਣੀਆਂ, ਆਚਾਰ ਪਾਉਣੇ। ਜਿਵੇਂ ਬਰਸਾਂ ਦੀ ਸਾਧਨਾ ਨਾਲ ਉਨ੍ਹਾਂ ਨੇ ਏਸ ਪਾਸੇ ਵਿਸ਼ੇਸ਼ਤਾ ਹਾਸਲ ਕੀਤੀ ਸੀ ਉਹਦਾ ਮੁਲ ਵੀ ਘੱਟ ਨਹੀਂ ਸੀ ਪਿਆ। ਸੁਪਰਿਨਟੈਂਡੈਂਟ ਦਾ ਹੁਕਮ ਰਿਆਸਤ ਦੇ ਇਕ ਜ਼ਿਲ੍ਹੇ ਤੇ ਚਲਦਾ ਸੀ, ਉਨ੍ਹਾਂ ਦਾ ਸੱਤਾਂ ਉਤੇ ਤੇ ਉਹ ਵੀ ਆਈ. ਜੀ. ਪੀ. ਕੋਲੋਂ ਵੱਧ ਕਰੜਾਈ ਨਾਲ। ਸਰਦਾ ਜੋ ਨਹੀਂ ਸੀ ਮਹਾਰਾਜ ਨੂੰ ਉਨ੍ਹਾਂ ਬਿਨਾਂ ਇਕ ਪਲ।

ਦਸ ਬਜ ਕੇ ਦਸ ਮਿੰਟ ਤੇ ਖਿੜਕੀ ਦੀ ਇਕ ਜਾਲੀ ਪਿਛਿਉਂ ਨਵਾਬ ਸਾਹਬ ਦੀ ਸੰਕੋਚ ਵਿਚ ਭਿੱਜੀ ਆਵਾਜ਼ ਆਈ, "ਕੋਈ ਹੈ।"

ਖਾਨਸਾਮੇ ਨੇ ਵਿਜੈਪਾਲ ਨੂੰ ਅੱਗੇ ਧੱਕ ਦਿੱਤਾ। ਉਸੇ ਦੀ ਡਿਊਟੀ ਰਾਤ ਨੂੰ ਡਾਕ ਬੰਗਲੇ ਹਾਜ਼ਰ ਰਹਿਣ ਦੀ ਮਹਾਸ਼ਾ ਸਾਹਬ ਨੇ ਲਾਈ ਸੀ।

"ਅਰੇ ਭੇਜਾ ਨਹੀਂ ਤੁਮ ਨੇ ਕਿਸੀ ਕੋ।"

MOVIES FOREIGN EXCHANGE CONCERT

SIHOTA DISTRIBUTORS

MANAGER KARTAR SINGH AHLUWALIA

3483 KINGSWAY, VANCOUVER, B.C., CANADA. V5R 5L5. PHONE: 438-1304 324-2557

ਕਿਸ ਕੇ ਹਜ਼ੂਰ ?'

"ਹਰਾਮਜ਼ਾਦੇ ਤੁਝੇ ਏਹ ਭੀ ਬਤਾਨਾ ਪੜੇਗਾ। ਕਹਿ ਜੋ ਰਹਾ ਹੂ ਕਿਸੀ ਕੇ। ਔਰ ਨਹੀਂ ਤੋਂ ਅਪਨੀ ਬਹਨ ਕੇ। ਮਾਂ ਕੇ।"

ਵਿਜੈਪਾਲ ਜ਼ਰਾ ਕੁ ਅੱਗੇ ਵਧਿਆ ਤੇ ਤੜਾਖ ਸਾਰੇ ਜ਼ੋਰ ਦੀ ਚੁਪੇੜ ਨਵਾਬ ਸਾਹਬ ਦੀ ਸੂਹੀ ਗਲ੍ਹ ਤੇ ਮਾਰੀ। ਉਨ੍ਹਾਂ ਦੇ ਚੋਪੜੇ ਚਮਕਦੇ ਪਟੇ ਝਟਕਾ ਖਾ ਕੇ ਉਨ੍ਹਾਂ ਦੀਆਂ ਅੱਖਾਂ ਵਿਚ ਆ ਪਏ। ਤੇ ਸੋਨੇ ਦੇ ਫਰੇਮ ਵਾਲੀ ਨਾਜ਼ਕ ਐਨਕ ਦੂਰ ਦਸ ਗਜ਼ ਤੇ ਜਾ ਡਿੱਗੀ।

ਦਿਨ ਚੜ੍ਹਨ ਤੋਂ ਪਹਿਲਾਂ ਉਹ ਨੌਕਰੀ ਤੋਂ ਅਲਹਿਦਾ ਕਰ ਦਿੱਤਾ ਗਿਆ। ਅਖ਼ਬਾਰ ਦੀ ਖ਼ਬਰ ਅਨੁਸਾਰ ਓ. ਐਸ. ਡੀ. ਸਾਹਬ ਨੇ ਆਪ ਉਹਨੂੰ ਰੰਗੇ ਹੱਥੀਂ ਰਿਸ਼ਵਤ ਲੈਂਦਿਆਂ ਫੜਿਆ ਸੀ।

'ਸਚ ਦਾ ਲੋਕਾਂ ਨੂੰ ਕੀ ਪਤਾ। ਉਹ ਤਾਂ ਮੈਨੂੰ ਬਗਲਾ ਭਗਤ ਹੀ ਸਮਝਦੇ ਹੋਣਗੇ।' ਪਿੰਡ ਜਾਣ ਦੀ ਵਿਜੈਪਾਲ ਦੀ ਹਿੰਮਤ ਨਾ ਪਈ। ਮਾਂ ਨੇ ਸੁਣਿਆ ਪੁੱਤ ਰੁਜ਼ਗਾਰੋਂ ਹਟਕੇ ਦੇਸ ਛਡ ਗਿਆ ਤਾ ਖੂਹ ਵਿਚ ਛਾਲ ਮਾਰ ਦਿਤੀ। ਭੈਣ ਇਕੱਲੀ ਨੂੰ ਗੁੰਡੇ ਇਕ ਰਾਤ ਕਿਧਰੇ ਕਪਾਹ ਦੇ ਗੱਡੇ ਵਿਚ ਸੁੱਟ ਕੇ ਲੈ ਗਏ।

ਆਪਣੀ ਤੀਹਰੀ ਸਟ ਨੂੰ ਜਰਨ ਲਈ ਉਹ ਅਠ ਆਨੇ ਰੋਜ਼ ਦੀ ਅਫ਼ੀਮ ਤਕ ਪਹੁੰਚ ਗਿਆ। ਜੇ ਮੰਗੇ ਤੋਂ ਏਨੇ ਕੁ ਪੈਸੇ ਨਾ ਬਣਦੇ, ਉਹ ਨਿੱਕੀ ਮੋਟੀ ਚੋਰੀ ਕਰ ਲੈਂਦਾ।

"ਤੁਸੀਂ ਉਹਨੂੰ ਰਹਿਮ ਕਰਕੇ ਚਿਤਾਵਨੀ ਨਾਲ ਛਡ ਦਿਤਾ ?" ਮੈਂ ਜੋਨ ਸਾਹਬ ਤੋਂ ਪੁਛਿਆ।

"ਤਰਸ ਮੈਨੂੰ ਬੜਾ ਆਇਆ, ਸਚੀਂ, ਤੇ ਏਸ ਲਈ ਮੈਂ ਉਹਨੂੰ ਤਿੰਨ ਮਹੀਨੇ ਦੀ ਕੈਦ ਕਰ ਦਿਤੀ।"

"ਫੇਰ ਤਾਂ ਤੁਸੀਂ ਬੜੇ ਕੋਮਲ-ਚਿਤ ਹੋ।" ਮੈਂ ਕੁੜਤਣ ਨਾਲ ਮੁਸਕਰਾਉਂਦਿਆਂ ਕਿਹਾ।

"ਜੇ ਉਹਨੂੰ ਜੇਹਲ ਨਾ ਭੇਜਦਾ ਉਹਦੀ ਇੱਲਤ ਨਹੀਂ ਸੀ ਹਟਣੀ। ਨਾ ਮਿਲਣ ਦੀ ਮਜਬੂਰੀ ਤੇ ਡਾਕਟਰ ਦੇ ਸਹਿਜੋਗ ਨਾਲ ਅਫ਼ੀਮ ਛੁੱਟ ਗਈ ਤੇ ਜਦੋਂ ਨੂੰ ਉਹ ਬਾਹਰ ਆਇਆ; ਮੈਂ ਉਹਦੇ ਲਈ ਇਕ ਰੀਸਰਚ ਲੈਬਾਰਟਰੀ ਵਿਚ ਥਾਂ ਲਭ ਲਈ ਹੋਈ ਸੀ। ਅਜ ਕਲ ਉਹ ਬੜੀ ਮਹੱਤਵ ਪੂਰਨ ਖੋਜ ਕਰ ਰਿਹਾ ਹੈ। ਉਦੋਂ ਹੀ ਪਤਾ ਲਗੁ ਜਦ ਆਪਣੀ ਵਸ਼ਿਸ਼ਟ ਸੇਵਾ ਲਈ ਪਦਮ ਸ੍ਰੀ ਬਣ ਗਿਆ।

ਮਹਿੰਦਰ ਸਿੰਘ "ਫ਼ੌਜੀ"



FOR ANY KIND OF

# INSURANCE

Life, Accident, Sickness,
Mortgage & Children

CONTACT

**RUPINDER S. AZAD**
M.A., B.Ed.

OF

SEA BOARD LIFE INSURANCE COMPANY

Head Office: 1900 — W. Broadway, Vancouver, B.C.

Office: 736-7431 Res.: 325-9077

ਸੈਂਚਰੀ ਟਰੈਵਲ ਸਰਵਿਸ

204-3310 ਫਰੇਜ਼ਰ ਸਟਰੀਟ, ਵੈਨਕੋਵਰ, ਬੀ.ਸੀ., ਕੈਨੇਡਾ

OFF: 874-9429 RES: 437-7997

# CENTURY TRAVEL SERVICE

204—3310 Fraser Street
Vancouver, B.C., Canada, V5V 4C1

Lowest fares to India, Pakistan, Fiji,
Europe and All over The World

ਅਸੀਂ ਤੁਹਾਨੂੰ ਸਸਤੇ ਤੋਂ ਸਸਤੇ ਕਿਰਾਏ ਵਿੱਚ ਭਾਰਤ,
ਪਾਕਿਸਤਾਨ, ਫੀਜੀ, ਯੂਰਪ ਅਤੇ ਸਾਰੇ ਸੰਸਾਰ ਦੀ
ਯਾਤਰਾ ਕਰਵਾਉਣ ਦਾ ਵਾਅਦਾ ਕਰਦੇ ਹਾਂ।

Gursharn Sandhu

IMPORTERS EXPORTERS WHOLESALERS RETAILERS

**ROKKO SAREES & FABRICS**

OWNED AND OPERATED BY B. S. KHURANA AND SONS AND GRANDSONS

27-SUSSEX RD., SOUTH CROYDON.
LONDON, ENGLAND

Phone 688-4590

ਸਥਾਈ ਫੀਚਰ:

# ਫੱਟੀਪੋਚ

ਫੱਟੀ ਪੋਚ ਮੰਜੀ ਤੇ ਬੈਠਾ ਅਖ਼ਬਾਰ ਪੜ੍ਹ ਰਿਹਾ ਹੈ ਤੇ ਸਿੱਧਰਾ ਹੱਥ 'ਚ ਇਕ ਚਿੱਠੀ ਫੜੀ ਢਿੱਲਾ ਢਿੱਲਾ ਕੋਲ ਆ ਕੇ ਫ਼ਤਹ ਬੁਲਾਉਂਦਾ ਹੈ।

ਫੱਟੀਪੋਚ: (ਫ਼ਤਹ ਪ੍ਰਵਾਨ ਕਰਦਾ ਹੋਇਆ) ਕੀ ਗੱਲ ਸਿੱਧਰਿਆ ਤੂੰ ਭਕਰੂ-ਇਆਂ ਜਿਹਾ ਮੂੰਹ ਬਣਾਇਐ, ਸੁੱਖ ਤਾਂ ਹੈ?

ਸਿੱਧਰਾ:- ਜੀ ਆਹ ਚਿੱਠੀ ਆਈ ਆ ਕਿਸੇ ਭਾਈ ਦੀ ਆਪਾਂ ਨੂੰ।
ਫੱਟੀਪੋਚ: ਇਹੋ ਜਿਹਾ ਕੀ ਲਿਖਿਆ ਉਹਨੇਂ ਬੱਚੜਿਆ?
ਸਿੱਧਰਾ: ਐਸੇਂ ਉਸਤਾਦ ਜੀ ਜਬਲੀਆਂ ਮਾਰੀਆਂ ਨੇ।
ਫੱਟੀਪੋਚ: ਸਿੱਧਰਿਆ ਪਤਾ ਤਾਂ ਲੱਗੇ ਫੇਰ ਵੀ।
ਸਿੱਧਰਾ: (ਚਿੱਠੀ ਪੜ੍ਹ ਕੇ ਸੁਣਾਉਂਦਾ ਹੈ) "ਤੁਸੀਂ ਆਪਣੇ ਆਪ ਨੂੰ ਅਗਾਂਹ ਵਧੂ ਵਿਚਾਰਾਂ ਵਾਲੇ, ਗਰੀਬਾਂ ਦੇ ਹਮਦਰਦ, ਸਮਾ-ਜਵਾਦੀ ਦੇ ਹਿਤੈਸ਼ੀ ਤੇ ਇਨਸਾਫ਼ ਪਸੰਦ ਕਹਿਣ ਵਾਲੇ ਅੱਜਕਲ੍ਹ ਸਰਮਾਏਦਾਰਾਂ ਦੇ ਝੋਲੀਚੁੱਕ, ਗਰੀਬਾਂ ਦੇ ਵਿਰੋਧੀ ਤੇ ਪਿਛਾਂਹ ਖਿਚੂ ਬਣ ਗਏ ਹੋ ਅਤੇ ਅਗਾਂਹਵਧੂਆਂ ਨਾਲ ਤਾਂ ਗੱਲ ਕਰਨੀ ਵੀ ਪਸੰਦ ਨਹੀਂ ਕਰਦੇ।"
(ਫੱਟੀ ਪੋਚ ਕਹਿਕਹਾ ਮਾਰ ਕੇ ਹੱਸਦਾ ਹੈ ਤੇ ਸਿੱਧਰਾ ਹੈਰਾਨੀ ਨਾਲ ਉਸਦੇ ਮੂੰਹ ਵੱਲ ਵੇਖਦਾ ਹੈ)
ਫੱਟੀਪੋਚ: ਸਿੱਧਰਿਆ, ਭਾਰਤ ਦੀ ਗੱਲ ਆ। ਕੋਈ ਭਾਈ ਸ਼ਹਿਰ ਗਿਆ। ਉਥੇ ਦੋ ਬੰਦੇ ਬਹਿਸ ਕਰਦੇ ਦੇਖੇ। ਉਹਨਾਂ ਨੂੰ ਲੜਦੇ ਸਮਝ ਕੇ ਦਸ ਮਿੰਟ ਕੋਲ ਖੜ੍ਹਾ ਕਚੀਚੀਆਂ ਵੱਟਦਾ ਰਿਹਾ ਤੇ ਫੇਰ ਬੁੜਬੁੜਾਇਆ "ਘੰਟਾ ਹੋ ਗਿਆ ਸੋਨੂੰ ਗਿਟਮਿਟ ਕਰਦਿਆਂ ਨੂੰ, ਸੋਥੋਂ ਇਕ ਦੂਜੇ ਦੇ ਦੋ ਦੋ ਲਾਈਆਂ ਨੀ ਜਾਂਦੀਆਂ" ਦੂਜਿਆਂ ਨੇ ਪੁੱਛਿਆ ਬਈ ਭਾਈ ਤੈਨੂੰ ਵਿਚਾਰ ਫਰਮਾਉਣ ਨੂੰ ਕੀਹਨੇਂ ਆਖਿਐ? ਅਗੋਂ ਭਾਈ ਹੋਰੀਂ ਬੋਲੇ: ਕਹਿੰਦਾ ਸਾਨੂੰ ਪਿਹੜੇ ਧਾਗੜੇ ਨੇ, ਅਸੀਂ ਤਾਂ ਐਸੇ ਈ ਰਗੜਦੇ ਹੁੰਦੇ ਆਂ।.. ਆਹ ਚਿੱਠੀ ਆਲੇ ਭਾਈ ਨੇ ਵੀ ਉਸ ਭਾਈ ਵਾਂਗੂ ਕੋਹਲੂ ਦੇ ਭਾਰ ਨਾਲ ਮਾਰਨ ਆਲੀ ਗੱਲ ਕੀਤੀ ਆ।
ਸਿੱਧਰਾ: (ਸੋਚ ਵਿਚ ਸੀਸ ਸਿਰ ਖੁਰਕਦਾ ਹੋਇਆ) ਕੋਹਲੂ ਦਾ ਭਾਰ ........ ਕੀ ਮਤਲਬ?
ਫੱਟੀਪੋਚ: ਬਚੜਿਆ ਕੁਝ ਬੰਦੇ ਗੱਲ ਕਰਨਗੇ ਜੀਹਦੇ ਪੈਰ ਨਾ ਸਿਰ। ਜੋ ਮੂੰਹ ਆਇਆ ਕਹਿਤਾ ਜਾਂ ਲਿਖਤਾ। ਕਦੇ ਅਸਲੀਅਤ ਸੋਚਣ ਸਮਝਣ ਦੀ ਗਲਤੀ ਉਨ੍ਹਾਂ ਨੇ ਕਰਨੀ ਨੀ ਜਿਵੇਂ ਦਿਮਾਗ਼ ਗਹਿਣੇ ਧਰਿਆ ਹੁੰਦੈ।
ਸਿੱਧਰਾ: ਹਾਂ ਜੀ ਹੁਣ ਆਗੀ ਸਮਝ।
ਫੱਟੀਪੋਚ: ਪਰ ਸਿੱਧਰਿਆ ਤੂੰ ਮੈਨੂੰ ਏਸ ਭਾਈ ਦਾ ਨਾਉਂ ਪਤਾ ਤਾਂ ਦੱਸ, ਏਹਦੀ ਪੋਚਾਂ ਮੈਂ ਫੱਟੀ ਮਿਲ ਕੇ ਬਈ ਭਾਈ, ਮੈਂ ਕਿਹੜੀ ਅਜਿਹੀ ਗ਼ਲਤੀ ਕੀਤੀ ਆ ਜੀਹਦੇ ਨਾਲ ਤੇਰਾ ਮਲੂਕ ਦਿਲ ਇਹ ਕੁਸ ਕਹਿਣ ਲਈ ਮਜਬੂਰ ਹੋਇਐ।
ਸਿੱਧਰਾ: ਜੀ ਨਾਉਂ ਪਤਾ ਤਾਂ ਉਹਨੇਂ ਲਿਖਿਆ ਨੀ।
ਫੱਟੀਪੋਚ: ਕਰੋ ਜੀ ਘਿਉ ਨੂੰ ਭਾਂਡਾ, ਸਿਲੋ ਇਹਨਾਂ ਅਗਾਂਹ-ਵਧੂ ਵਿਚਾਰਾਂ ਵਾਲਿਆਂ ਨੂੰ — ਨਾਂ ਤਾਂ ਤਰੁੱਕ, ਪਿੰਡ ਬਣੀ ਸਈ, ਤਸੀਲ ਪੈਣੀ ਨਹੀਂ ਤੇ ਡਾਕਖਾਨਾ ਹੁਣੀ ਕਦੀ।
ਉਹ ਬਚੜਿਆਂ ਚਾਰ ਦੀ ਥੁਕ ਬਣਾ ... ਏਹੋ ਜਿਹੇ ਹੋਰੀ ਹੋਣ ਤਾਂ ਆਮ ਈ ਰਹਿਣ ਆਂ।
ਸਿੱਧਰਾ ਸੁਖ ਦਾ ਸਾਹ ਭਰਦਾ ਹੈ ਤੇ ਉਠ ਕੇ ਰਸੋਈ ਵੱਲ ਤੁਰ ਜਾਂਦਾ ਹੈ।

**ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ**
**ਦੀ ਬੈਠਕ**
**2 ਜੂਨ 1974 ਨੂੰ ਸਵੇਰੇ ਠੀਕ 10 ਵਜੇ**
MOUNT PLEASANT INFORMATION CENTRE
758 - E. BROADWAY

IMPORTERS EXPORTERS WHOLESALERS RETAILERS
**ROKKO SAREES & FABRICS**
635-BLOOR STREET WEST. TORONTO. ONTARIO. CANADA
Phone 533-1106
OWNED AND OPERATED BY B.S. KHURANA AND SONS AND GRANDSONS

**LISTEN TO**

**Your Favourite Hindi and Punjabi Radio Program**

**INDIA TODAY AND TOMORROW**

on

**KERI FM STEREO 104.3 mHz**

**Cablevision 90.7 FM**

Every Wednesday 6:00 p.m. to 7:00 p.m.
Every Thursday 6:00 p.m. to 7:00 p.m.
Every Friday 6:00 p.m. to 7:00 p.m.
Every Saturday 10 a.m. to 12 noon – 6 p.m. to 7 p.m.
Every Sunday 8 am. to 9:30 a.m. – 2 p.m. to 8 p.m.

**The programme consists of latest Indian music, cultural programme, also news from India and local community.**

We will be happy to provide the opportunity to any member of the community to offer felicititious message to friends and relatives on auspicious occasions such as marriages, birthdays, etc.

We will also welcome businessmen and firms who wish to advertise their services and products. Interested parties may phone or write for further information on advertising rates and advice in making up the best possible advertisement for you.

## Sponsored By

# INDIA NEWS AND VIEWS

PUBLICATION SERVING NORTH AMERICA SINCE 1954

OFFICE:
2202 Main Street
Vancouver, B.C.
Canada

TELEPHONE:
873-3878 - 9

MAILING ADDRESS:
P.O. Box 24658
Vancouver, B.C. V5T 4E2
Canada

# ਅਮਾਨਤ

ਸਾਧੂ

ਜਿਉਂ ਹੀ ਸਕੂਲ ਦੀ ਘੰਟੀ ਵੱਜੀ ਮੁੰਡਿਆਂ ਕੁੜੀਆਂ ਦਾ ਇਕ ਹੜ੍ਹ ਜਿਹਾ ਦੌੜਦਾ ਟੱਪਦਾ ਹਾਲ ਕਮਰਿਆਂ ਵਿਚ ਦੀ ਹੁੰਦਾ ਹੋਇਆ ਬਾਹਰਲੇ ਤਿੰਨਾਂ ਗੇਟਾਂ ਵੱਲ ਵੰਡ ਹੁੰਦਾ ਚਲਿਆ ਗਿਆ। ਛੋਟੀਆਂ ਕਲਾਸਾਂ ਦੇ ਮੁੰਡੇ ਕੁੜੀਆਂ ਇਕ ਦੂਜੇ ਨਾਲ ਹੱਥੋਂ ਧਾਈ ਹੁੰਦੇ ਸ਼ੋਰ ਮਚਾ ਰਹੇ ਸਨ। ਵੱਡੇ ਮੁੰਡਿਆਂ ਦੀਆਂ ਟੋਲੀਆਂ ਵਿਚ ਸਕੂਲੇ ਹੋਈ ਕਿਸੇ ਖੇਡ ਤੇ ਬਹਿਸ ਹੋ ਰਹੀ ਸੀ। ਕੁੜੀਆਂ ਦੀਆਂ ਟੋਲੀਆਂ ਵਿਚ ਦੂਜੀ ਟੋਲੀ ਵਿਚ ਤੁਰੀ ਜਾਂਦੀ ਕਿਸੇ ਕੁੜੀ ਦੀ ਨਵੀਂ ਡਰੈਸ ਤੇ ਨੱਕ, ਬੁੱਲ੍ਹ ਚੜ੍ਹਾਏ ਜਾ ਰਹੇ ਸਨ। ਸੀਤੋ ਵੀ ਪਹਿਲਾਂ ਇਸ ਕੁੱਝ ਕੁ ਪਲਾਂ ਵਿਚ ਖਤਮ ਹੋਣ ਵਾਲੇ ਸ਼ੋਰ-ਮਈ ਮੇਲੇ ਦਾ ਇਕ ਅੰਗ ਹੁੰਦੀ ਸੀ। ਪਰ ਅੱਜ ਉਹ ਸਭ ਕਾਸੇ ਤੋਂ ਬੇਫਿਕਰ ਉਦਾਸ ਜਿਹੀ ਆਪਣੀਆਂ ਕਿਤਾਬਾਂ ਵਾਲਾ ਬੈਗ ਸੱਜੇ ਹੱਥ ਫੜੀ ਖੱਬਾ ਹੱਥ ਕੋਟ ਦੀ ਜੇਬ ਵਿਚ ਪਾਈ ਮੱਧਮ ਚਾਲੇ ਘਰ ਵੱਲ ਜਾ ਰਹੀ ਸੀ।

ਸਕੂਲ ਦੇ ਖੇਡ-ਮੈਦਾਨ ਦੇ ਦੂਜੇ ਸਿਰੇ ਪਹੁੰਚਣ ਤੋਂ ਪਹਿਲਾਂ ਹੀ ਉਹ ਇਕੱਲੀ ਰਹਿ ਗਈ। ਬਾਕੀ ਦੇ ਸਭ ਆਪੋ ਆਪਣੇ ਘਰਾਂ ਨੂੰ ਜਾਂਦੀਆਂ ਸੜਕਾਂ ਤੇ ਪੈ ਚੁੱਕੇ ਸਨ। ਖੇਡ-ਮੈਦਾਨ ਦਾ ਆਖਰੀ ਗੇਟ ਲੰਘ ਕੇ ਉਹ ਸੜਕ ਤੇ ਆ ਗਈ। ਉਹਨੂੰ ਆਪਣੇ ਆਲੇ ਦੁਆਲੇ ਵਿਚ ਕੋਈ ਦਿਲਚਸਪੀ ਨਹੀਂ ਸੀ। ਦੁਕਾਨਾਂ ਦੀਆਂ ਵੱਡੇ ਵੱਡੇ ਸ਼ੀਸ਼ਿਆਂ ਵਾਲੀਆਂ ਤਾਕੀਆਂ ਵਿਚ ਪਈਆਂ ਸੋਹਣੀਆਂ-ਸੋਹਣੀਆਂ ਡਰੈਸਾਂ ਵੀ ਉਹਦਾ ਧਿਆਨ ਨਾ ਖਿੱਚ ਸਕੀਆਂ। ਸੜਕ ਤੇ ਆ ਜਾ ਰਹੀਆਂ ਕਾਰਾਂ, ਉਹਦੇ ਬਰਾਬਰ ਦੀ ਲੰਘ ਰਹੇ ਸੋਹਣੇ-ਸੋਹਣੇ ਪ੍ਰਸੰਨ ਚਿਹਰਿਆਂ ਵਾਲੇ ਲੋਕ ਵੀ ਉਹਦੀਆਂ ਅੱਖਾਂ ਨੂੰ ਜ਼ਮੀਨ ਤੋਂ ਨਾ ਉਠਾ ਸਕੇ। ਆਪਣੇ ਆਪ ਚੱਲਣ ਵਾਲੀ ਟਰੈਫਿਕ ਬੱਤੀ ਤੇ ਉਹ ਵੀ ਆਪਣੇ ਆਪ ਹੀ ਰੁਕੀ ਤੇ ਚੱਲ ਪਈ। ਸਕੂਲ ਤੋਂ ਉਹਦਾ ਘਰ ਦੋ ਕੁ ਮੀਲ ਦੀ ਵਿੱਥ ਤੇ ਸੀ, ਇਹ ਦੋ ਮੀਲ ਉਹਨੂੰ ਦੋ ਕਦਮਾਂ ਜਿੱਡੇ ਹੀ ਲੱਗਿਆ ਕਰਦੇ ਸਨ, ਅੱਜ ਇਹ ਮੁੱਕਣ ਵਿਚ ਹੀ ਨਹੀਂ ਆ ਰਹੇ ਸਨ। ਅਚਾਨਕ ਇਕ ਕਾਰ ਦੇ ਹਾਰਨ ਦੀ ਅਵਾਜ਼ ਤੇ ਉਹ ਚੌਂਕੀ ਤੇ ਪਿਛਾਂਹ ਮੁੜ ਕੇ ਦੇਖਿਆ। ਉਸ ਕਾਰ ਵੱਲ ਦੇਖ ਕੇ ਉਸ ਦੇ ਮੱਥੇ ਦੀਆਂ ਤਿਊੜੀਆਂ ਹੋਰ ਡੂੰਘੀਆਂ ਹੋ ਗਈਆਂ। ਉਹਦਾ ਮੂੰਹ ਗੁੱਸੇ ਨਾਲ ਲਾਲ ਹੋ ਗਿਆ। ਉਹਦਾ ਦਿਲ ਕੀਤਾ ਕਿ ਹੱਥ ਵਿਚ ਫੜਿਆ ਹੋਇਆ ਬੈਗ ਕਾਰ ਦੇ ਸ਼ੀਸ਼ੇ ਤੇ ਦੇ ਮਾਰੇ ਤੇ ਉੱਚੀ ਉੱਚੀ ਚਿਲਾਏ। ਹਰ ਆਉਂਦੇ ਜਾਂਦੇ ਨੂੰ ਆਪਣੀ ਕਹਾਣੀ ਸੁਣਾਵੇ, ਉਸ ਕਾਰ ਦੀ ਕਹਾਣੀ ਸੁਣਾਵੇ ਤੇ ਕਾਰ ਵਾਲਿਆਂ ਦੀ ਕਰਤੂਤਾਂ ਦੱਸੇ। ਉਹਨੇ ਗੁੱਸੇ ਤੇ ਨਫ਼ਰਤ ਨਾਲ ਮੂੰਹ ਦੂਜੇ ਪਾਸੇ ਨੂੰ ਫੇਰ ਲਿਆ ਤੇ ਆਪਣੇ ਕਦਮ ਤੇਜ਼ ਕਰ ਦਿੱਤੇ। ਕਦਮਾਂ ਦੇ ਨਾਲ ਹੀ ਜੋ ਕੁੱਝ ਪਿਛਲੇ ਕੁੱਝ ਸਮੇਂ ਵਿਚ ਹੋਇਆ ਸੀ ਤੇਜ਼ ਤੇਜ਼ ਉਹਦੇ ਮਨ ਦੀਆਂ ਅੱਖਾਂ ਅੱਗੋਂ ਗੁਜ਼ਰਨ ਲੱਗਾ।

ਮਾਰਚ ਦੇ ਅਖੀਰਲੇ ਦਿਨ ਸਨ, ਰੁੱਤ ਬਦਲਣ ਦੀਆਂ ਤਿਆਰੀਆਂ ਵਿਚ ਸੀ। ਕੋਈ ਕੋਈ ਦਿਨ ਬਹੁਤ ਵਧੀਆ ਲੱਗਦਾ। ਸੂਰਜ ਦੇਵਤਾ ਨਿਰ-ਵਿਘਨ ਸਾਰਾ ਸਾਰਾ ਦਿਨ ਇਸ ਸੁੰਦਰ ਸ਼ਹਿਰ ਤੇ ਛਾਇਆ ਰਹਿੰਦਾ। ਦੱਖਣ ਵਿਚ ਪਹਾੜੀਆਂ ਦੀਆਂ ਚੋਟੀਆਂ ਤੇ ਪਈ ਬਰਫ਼ ਸੂਰਜ ਨਿਕਲਣ ਤੇ ਇਸਤਰ੍ਹਾਂ ਚਮਕਦੀ ਜਿਵੇਂ ਬਹੁਤ ਸਾਰੇ ਚੰਦ ਪਹਾੜ ਤੇ ਆ ਉਤਰੇ ਹੋਣ। ਅਜਿਹੇ ਦਿਨ ਵਿਚ ਹਰ ਦਿਲ ਵਿਚ ਮਸਤੀ ਆ ਜਾਂਦੀ। ਸੀਤੋ ਵੀ ਸਿਆਲ ਪਿਛੋਂ ਚੜ੍ਹੇ ਸੂਰਜ ਦਾ ਅਨੰਦ ਮਾਣਦੀ ਹੱਸਦੀ ਖੇਡਦੀ ਘਰ ਨੂੰ ਜਾ ਰਹੀ ਸੀ। ਉਹ ਵੀ ਬਾਕੀ ਕੁੜੀਆਂ ਵਾਂਗ ਦੁਕਾਨਾਂ ਦੇ ਸ਼ੀਸ਼ਿਆਂ ਵਿਚੋਂ ਡਰੈਸਾਂ ਵੇਖਦੀ ਤੇ ਆਪਣੀ ਪਸੰਦ ਦੱਸਦੀ। ਕਦੀ ਕਦੀ ਉਹ ਖਿਆਲਾਂ ਵਿਚ ਖੋ ਜਾਂਦੀ ਤੇ ਖਿਆਲਦੀ ; ਉਹ ਬਹੁਤ ਸੁਹਣੀ ਡਰੈਸ ਪਾਈ, ਕਿਸੇ ਅਜੀਬ ਅਨੰਦ-ਮਈ ਥਾਂ ਤੇ ਕਿਸੇ ਦੇ ਮਢੇ ਤੇ ਸਿਰ ਰੱਖੀ, ਪਹਾੜੀ ਦੇ ਥੱਲੇ ਵਗਦੀ ਨਦੀ ਨੂੰ ਦੇਖ ਦੇਖ ਕੇ ਹੌਲੀ-ਹੌਲੀ ਤੁਰ ਰਹੀ ਹੁੰਦੀ। ਉਹ ਕੁੜੀਆਂ ਦੀ ਟੋਲੀ ਵਿਚ ਤੁਰੀ ਜਾਂਦੀ ਏਧਰ ਉਧਰ ਸੜਕ ਤੇ ਦੇਖ ਰਹੀ ਸੀ ਜਿਵੇਂ ਆ ਜਾ ਰਹੀਆਂ ਕਾਰਾਂ ਵਿਚੋਂ ਕਿਸੇ ਇਕ ਦੀ ਉਹਨੂੰ ਉਡੀਕ ਸੀ। ਤੇ ਜਦੋਂ ਕਲੀ ਨੇ ਉਨ੍ਹਾਂ ਦੇ ਬਰਾਬਰ ਆ ਕੇ ਕਾਰ ਨੂੰ ਤੇਜ਼ ਕਰਕੇ ਸੜਕ ਤੇ ਟਾਇਰਾਂ ਦੀ ਰਗੜ ਨਾਲ ਚੀਕਾਂ ਪੁਆਈਆਂ ਤਾਂ ਉਸ ਦਾ ਮੱਲੋ ਮਲੀ ਹਾਸਾ ਨਿਕਲ ਗਿਆ। ਕੈਲੀ ਨੂੰ ਦੇਖ ਕੇ ਉਹਨੂੰ ਪਿਛਲੇ ਐਤਵਾਰ ਗੁਰਦੁਆਰੇ ਹੋਏ ਜੋੜ ਮੇਲੇ ਦਾ ਚੇਤਾ ਆ ਗਿਆ। ਗੁਰਦੁਆਰੇ ਦੇ ਅੰਦਰ ਸਾਰਾ ਸਮਾਂ ਕੈਲੀ ਲੋਕਾਂ ਦੀਆਂ ਨਜ਼ਰਾਂ ਬਚਾ ਕੇ ਉਹਦੀ ਵੱਲ ਦੇਖਦਾ ਰਿਹਾ ਸੀ। ਉਹਨੂੰ ਕੈਲੀ ਦਾ ਗੋਲ-ਗੋਲ ਮੋਟੇ-ਮੋਟੇ ਨਕਸ਼ਾਂ ਵਾਲਾ ਚੇਹਰਾ, ਜਿਹੜਾ ਬੁੱਲਾਂ ਤੇ ਅੱਖਾਂ ਵਿਚ ਇਕ ਭੇਦ ਭਰੀ ਮੁਸਕਰਾਹਟ ਛੁਪਾਈ ਰੱਖਦਾ ਸੀ, ਬਹੁਤ ਹੀ ਸੁਹਣਾ ਲੱਗਾ। ਜਦੋਂ ਕੈਲੀ ਨੇ ਦੁਬਾਰਾ ਉਨ੍ਹਾਂ ਦੇ ਬਰਾਬਰ ਆ ਕੇ ਟਾਇਰਾਂ ਦੀਆਂ ਚੀਕਾਂ ਪੁਆਈਆਂ ਤਾਂ ਸੀਤੋ ਜ਼ੋਰ ਜ਼ੋਰ ਦੀ ਹੱਸ ਪਈ। ਬਾਕੀ ਕੁੜੀਆਂ ਵਿਚੋਂ ਲੂਸੀ ਉਹਦੀ ਖੁਸ਼ੀ ਵਿਚ ਹਿੱਸਾ ਲੈ ਰਹੀ ਸੀ। ਬਾਕੀ ਕੁੜੀਆਂ ਆਪੋ ਆਪਣੀਆਂ ਪਿਆਰ ਕਹਾਣੀਆਂ ਦੱਸਣ ਸੁਣਨ ਵਿਚ ਮਸਤ ਸਨ।

ਉਸ ਦਿਨ ਘਰ ਜਾ ਕੇ ਸੀਤੋ ਅਜੇ ਘਰ ਦੇ ਕੰਮ ਕਾਜ ਵਿਚ ਹੀ ਸੀ, ਉਹਦਾ ਡੈਡੀ ਵੀ ਅਜੇ ਕੰਮ ਤੋਂ ਨਹੀਂ ਆਇਆ ਸੀ, ਉਹਦੀ ਮੰਮੀ ਰਾਤ ਦੀ ਸ਼ਿਫਟ ਲਾਉਣ ਕੰਮ ਤੇ ਜਾ ਚੁੱਕੀ ਸੀ, ਫ਼ੂਨ ਦੀ ਘੰਟੀ ਖੜਕੀ। ਸੀਤੋ ਨੇ ਹੱਥਲਾ ਕੰਮ ਛੱਡ ਕੇ ਰਸੀਵਰ ਚੁੱਕਿਆ ਤੇ "ਹੈਲੋ" ਕਿਹਾ ਪਰ ਦੂਜੇ ਪਾਸਿਉਂ ਕੋਈ ਅਵਾਜ਼ ਨਾ ਆਈ। ਸੀਤੋ ਨੇ ਦੁਬਾਰਾ ਹੈਲੋ ਕਿਹਾ ਤੇ ਇਕ ਹੌਲੀ ਜਿਹੀ ਆਵਾਜ਼ ਨੇ ਅੰਗਰੇਜ਼ੀ ਵਿਚ ਪੁੱਛਿਆ, "ਕੌਣ ਗੱਲ ਕਰ ਰਿਹਾ ਹੈ ? ਇਸ ਤੋਂ ਪਹਿਲਾਂ ਕਿ ਸੀਤੋ ਕੁੱਝ ਕਹਿੰਦੀ ਆਵਾਜ਼ ਨੇ ਕਿਹਾ "ਸੀਤੋ ਏ" ਸੀਤੋ ਅਜੇ ਆਪਣੇ ਧੜਕਦੇ ਦਿਲ ਤੇ ਵੀ ਕਾਬੂ ਨਹੀਂ ਪਾ ਸਕੀ ਸੀ ਕਿ ਦੂਜੇ ਪਾਸਿਉਂ ਫਿਰ ਆਵਾਜ਼ ਆਈ,

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
3483 KINGSWAY, VANCOUVER, B.C., CANADA. V5R 5L5.
PHONE: 438-1304 324-2557

"ਸੀਤੋ ਮੈਂ ਤੈਨੂੰ ਪਿਆਰ ਕਰਦਾ ਹਾਂ"। ਤੇ ਰਸੀਵਰ ਰੱਖ ਦਿੱਤਾ। ਸੀਤੋ ਨੂੰ ਇਹ ਸਮਝਣ ਵਿਚ ਦੇਰ ਨਾ ਲੱਗੀ ਕਿ ਇਹ ਕੌਣ ਸੀ। ਉਹ ਇਕ ਦਮ ਘਬਰਾ ਗਈ। ਇਹ ਪਹਿਲਾ ਮੌਕਾ ਸੀ ਕਿ ਕਿਸੇ ਮੁੰਡੇ ਨੇ ਸੀਤੋ ਨੂੰ ਫੂਨ ਕੀਤਾ ਸੀ। ਉਹਦੇ ਦਿਮਾਗ਼ ਵਿਚ ਕਈ ਡਰਾਉਣੇ ਖਿਆਲ ਆਉਣ ਲੱਗੇ। "ਜੇ ਕੋਈ ਹੋਰ ਫੂਨ ਚੁੱਕਦਾ, ਜੇ ਮੰਮੀ ਜਾਂ ਡੈਡੀ ਨੂੰ ਪਤਾ ਲੱਗ ਗਿਆ, ਉਹਦਾ ਵੱਡਾ ਭਰਾ ਕੀ ਕਹੇਗਾ।" ਉਹਨੂੰ ਯਾਦ ਆਇਆ ਉਹਦਾ ਵੱਡਾ ਭਰਾ ਆਪਣੇ ਦੋਸਤ ਨੂੰ ਫੂਨ ਤੇ ਦੱਸ ਰਿਹਾ ਸੀ ਕਿ ਉਹਦੀ ਮਿੱਲ ਵਿਚ ਕੰਮ ਕਰਨ ਵਾਲੇ ਇਕ ਪੰਜਾਬੀ ਮੁੰਡੇ ਦੀ ਭੈਣ ਨੇ ਗੋਰਿਆਂ ਦੇ ਮੁੰਡੇ ਨਾਲ ਵਿਆਹ ਕਰਾ ਲਿਆ। ਮਿੱਲ ਦੇ ਬਾਕੀ ਪੰਜਾਬੀਆਂ ਨੇ ਇਸ ਨੂੰ ਬਹੁਤ ਬੁਰਾ ਮਨਾਇਆ ਸੀ। ਸੀਤੋ ਨੂੰ ਉਸ ਚਿੱਠੀ ਦਾ ਖਿਆਲ ਆਇਆ ਜਿਹੜੀ ਉਹਦੇ ਡੈਡੀ ਨੂੰ ਇੰਡੀਆ ਤੋਂ ਕਿਸੇ ਰਿਸ਼ਤੇਦਾਰ ਮੁੰਡੇ ਬਾਰੇ ਆਈ ਸੀ। ਉਹਦਾ ਡੈਡੀ ਵੀ ਚਾਹੁੰਦਾ ਸੀ ਕਿ ਉਹ ਉਸ ਮੁੰਡੇ ਨੂੰ ਇੰਡੀਆ ਤੋਂ ਸੱਦ ਕੇ ਸੀਤੋ ਨਾਲ ਵਿਆਹ ਦੇਵੇ। ਸੀਤੋ ਇਨ੍ਹਾਂ ਹੀ ਖਿਆਲਾਂ ਵਿਚ ਡੁੱਬੀ ਹੋਈ ਸੀ ਕਿ ਉਹਦਾ ਡੈਡੀ ਆ ਗਿਆ ਤੇ ਉਹ ਮੁੜ ਘਰ ਦੇ ਕੰਮ ਕਾਜ ਵਿਚ ਲੱਗ ਪਈ।

ਉਸ ਦਿਨ ਤੋਂ ਬਾਅਦ ਸੀਤੋ ਨੇ ਕਈ ਵਾਰੀ ਕੈਲੀ ਨੂੰ ਆਪਣੇ ਆਲੇ ਦੁਆਲੇ ਚੱਕਰ ਕੱਟਦਿਆ ਦੇਖਿਆ ਅਤੇ ਇਕ-ਦੋ ਵਾਰ ਉਹਨੇ ਫੂਨ ਤੇ ਵੀ ਕੈਲੀ ਦੀ ਆਵਾਜ਼ ਸੁਣੀ। ਉਹ ਕੁੱਝ-ਕੁੱਝ ਉਦਾਸ ਰਹਿਣ ਲੱਗ ਪਈ। ਉਹਨੂੰ ਘਰ ਦਿਆਂ ਦਾ ਡਰ ਜਿਵੇਂ ਪਾਗਲ ਕਰ ਰਿਹਾ ਸੀ। ਉਂਝ ਉਹ ਕੈਲੀ ਨੂੰ ਬਹੁਤ ਪਸੰਦ ਕਰਦੀ ਸੀ। ਕੈਲੀ ਦਾ ਭਰਵਾਂ ਸਰੀਰ, ਕਾਲੇ ਸ਼ਾਹ ਵਾਲ ਤੇ ਮੋਟੀਆਂ-ਮੋਟੀਆਂ ਅੱਖਾਂ ਉਹ ਜਿੰਨੀ ਵਾਰੀ ਦੇਖਦੀ ਉਹਦੇ ਦਿਲ ਨੂੰ ਕੁੱਝ-ਕੁੱਝ ਅਨ-ਮਾਣਿਆਂ ਸੁਆਦ ਅਨੁਭਵ ਹੁੰਦਾ। ਜਦੋਂ ਕੈਲੀ ਸੀਤੋ ਕੋਲ ਦੀ ਲੰਘਦਾ ਤਾਂ ਸੀਤੋ ਦਾ ਦਿਲ ਜ਼ੋਰ-ਜ਼ੋਰ ਦੀ ਧੜਕਦਾ। ਉਹਨੂੰ ਗਰਮੀ ਆ ਜਾਂਦੀ। ਉਹਦਾ ਸਾਰਾ ਸਰੀਰ ਕਮਜ਼ੋਰ ਜਿਹਾ ਹੋ ਜਾਂਦਾ ਹੈ। ਉਹ ਚਾਹੁੰਦੀ ਕਿ ਉਹ ਕੈਲੀ ਦੀ ਗੋਦੀ ਵਿਚ ਡਿੱਗ ਪਵੇ, ਉਹਦੇ ਪੱਟਾਂ ਤੇ ਸਿਰ ਰੱਖ ਕੇ ਬੱਸ ਸੌਂ ਰਹੇ। ਤੇ ਫੇਰ ਗੋਰਿਆਂ ਦੀਆਂ ਕੁੜੀਆਂ ਵਾਂਗ ਉਹ ਵੀ ਕੈਲੀ ਨਾਲ ਗਲਵਕੜੀ ਪਾਈ ਜਿਥੇ ਚਾਹੇ ਜਾ ਸਕੇ। ਕੈਲੀ ਉਹਦੇ ਸਰੀਰ ਦਾ ਇਕ ਅੰਗ ਬਣਦਾ ਜਾ ਰਿਹਾ ਸੀ। ਜੇ ਉਹ ਕੈਲੀ ਨੂੰ ਦੇਖ ਨਾ ਲੈਂਦੀ ਉਹਨੂੰ ਆਪਣਾ ਆਪ ਅਧੂਰਾ ਅਧੂਰਾ ਲੱਗਦਾ। ਉਹ ਚਾਹੁੰਦੀ ਕਿ ਉਹ ਹਮੇਸ਼ਾ ਹਮੇਸ਼ਾ ਲਈ ਕੈਲੀ ਦੀ ਹੋ ਜਾਵੇ। ਘਰ ਦਿਆਂ ਦਾ ਖਿਆਲ ਉਹਦੇ ਸਾਰੇ ਕਿਲ੍ਹੇ ਢਹਿ ਢੇਰੀ ਕਰ ਦਿੰਦਾ।

ਸੀਤੋ ਨੇ ਸਾਰੀ ਗੱਲ ਬਾਤ ਇਕ ਦਿਨ ਲੂਸੀ ਨੂੰ ਦੱਸ ਦਿੱਤੀ। ਲੂਸੀ ਉਹਦੇ ਘਰ ਦੇ ਨੇੜੇ ਹੀ ਰਹਿੰਦੀ ਸੀ। ਉਹ ਇਕੱਠੀਆਂ ਤੁਰ ਕੇ ਸਕੂਲ ਨੂੰ ਜਾਂਦੀਆਂ ਹੁੰਦੀਆਂ ਸਨ, ਇਸ ਕਰਕੇ ਪੱਕੀਆਂ ਸਹੇਲੀਆਂ ਸਨ। ਲੂਸੀ ਨੇ ਸੁਣ ਕੇ ਬੜੀ ਹੈਰਾਨੀ ਜ਼ਾਹਿਰ ਕੀਤੀ ਕਿ ਅਜਿਹਾ ਹੋ ਹੀ ਨਹੀਂ ਸਕਦਾ। ਕੌਣ ਮਾਪੇ ਹੋਣਗੇ ਜਿਹੜੇ ਆਪਣੀ ਜੁਆਨ ਧੀ ਨੂੰ ਆਪਣੀ ਪਸੰਦ ਦਾ ਮੁੰਡਾ ਵੀ ਨਾ ਚੁਣਨ ਦੇਣ। ਲੂਸੀ ਨੇ ਸੀਤੋ ਨੂੰ ਆਪਣੇ ਪੱਛਮੀ ਖਿਆਲਾਂ ਅਨੁਸਾਰ ਸਲਾਹ ਦਿੱਤੀ ਕਿ ਕੈਲੀ ਵਰਗਾ ਸੋਹਣਾ ਤੇ ਦਿਲਚਸਪ ਮੁੰਡਾ ਕਦੀ ਵੀ ਹੱਥਾਂ ਵਿਚੋਂ ਨਹੀਂ ਜਾਣ ਦੇਣਾ ਚਾਹੀਦਾ। ਮਾਪਿਆਂ ਦਾ ਕੀ ਹੈ ਆਪੇ ਮੰਨ ਜਾਣਗੇ, ਜੇ ਨਾ ਮੰਨਣ ਤਾਂ ਅਲੱਗ ਵੀ ਤਾਂ ਹੋਇਆ ਜਾ ਸਕਦਾ ਹੈ। ਲੂਸੀ ਨਾਲ ਗੱਲਾਂ ਕਰਨ ਪਿਛੋਂ ਸੀਤੋ ਦੇ ਮਨ ਅੰਦਰ ਖਿਆਲਾਂ ਦੀ ਜਦੋ-ਜਹਿਦ ਹੋਰ ਤੇਜ਼ ਹੋ ਗਈ। ਉਹਨੂੰ ਪਤਾ ਸੀ ਕਿ ਉਹ ਜਦੋਂ ਸਕੂਲ ਖਤਮ ਕਰ ਲਵੇਗੀ, ਉਹਦੇ ਡੈਡੀ ਨੇ ਉਸ ਰਿਸ਼ਤੇਦਾਰਾਂ ਦੇ ਮੁੰਡੇ ਨੂੰ ਸੈਰ ਲਈ ਸੱਦ ਕੇ ਉਸ ਦਾ ਵਿਆਹ ਕਰ ਦੇਣਾ ਹੈ। ਇਕ ਅਨਜਾਣ-ਅਨਦੇਖੇ ਮੁੰਡੇ ਨਾਲ ਉਹਦਾ ਵਿਆਹ ਕਰ ਦਿੱਤਾ ਜਾਵੇਗਾ। ਉਹਦੀ ਪਸੰਦ ਨਾ-ਪਸੰਦ ਦੀ ਕਿਸ ਨੂੰ ਪ੍ਰਵਾਹ ਹੈ। ਉਹਦੀ ਜ਼ਿੰਦਗੀ ਦਾ ਹਰ ਫੈਸਲਾ ਉਹਦੇ ਡੈਡੀ ਦੇ ਹੱਥ ਵਿਚ ਸੀ। ਇਹਨਾਂ ਖਿਆਲਾਂ ਨਾਲ ਉਹਨੂੰ ਆਪਣੇ ਡੈਡੀ ਨਾਲ ਇਕ ਘ੍ਰਿਣਾ ਜਿਹੀ ਆਈ ਅਤੇ ਦੂਜੇ ਪਾਸੇ ਕੈਲੀ ਦੇ ਰੋਜ਼-ਰੋਜ਼ ਫੇਰੇ, ਉਹਦਾ ਸੁਹਣਾ-ਸੁਡੌਲ ਸਰੀਰ ਤੇ ਉਹਦੇ ਸਾਊਆਂ ਵਾਲੇ ਮੂੰਹ ਵੱਲ ਉਹ ਜ਼ਿਆਦਾ ਖਿੱਚੀ ਗਈ। ਉਹਨੂੰ ਇਕ ਆਸ ਦੀ ਕਿਰਨ ਜ਼ਰੂਰ ਦਿਸਦੀ ਸੀ ਕਿ ਕੈਲੀ ਪੰਜਾਬੀ ਹੈ ਅਤੇ ਕੈਲੀ ਦੇ ਘਰ ਦਿਆਂ ਨੂੰ ਉਹਦੇ ਘਰ ਦੇ ਜਾਣਦੇ ਵੀ ਹਨ। ਇਸ ਕਰਕੇ ਕੈਲੀ ਨਾਲ ਵਿਆਹ ਕਰਾਉਣ ਵਿਚ ਸ਼ਾਇਦ ਉਹਨੂੰ ਇਤਨੀ ਮੁਸ਼ਕਲ ਨਾ ਆਵੇ। ਸੀਤੋ ਨੇ ਮਨ ਹੀ ਮਨ ਵਿਚ ਕੈਲੀ ਦੇ ਪਿਆਰ ਦਾ ਜਵਾਬ ਪਿਆਰ ਵਿਚ ਦੇਣ ਦਾ ਫ਼ੈਸਲਾ ਕਰ ਲਿਆ। ਲੂਸੀ ਨੇ ਕੈਲੀ ਦੇ ਘਰ ਫੂਨ ਮਾਰ ਕੇ ਉਹਨੂੰ ਸੀਤੋ ਦੇ ਫੈਸਲੇ ਬਾਰੇ ਦੱਸ ਦਿੱਤਾ ਅਤੇ ਉਹਨਾਂ ਦੇ ਮਿਲਣ ਦਾ ਸਮਾਂ ਤੇ ਥਾਂ ਤਹਿ ਕਰ ਦਿੱਤੀ।

ਸੀਤੋ ਮਿਥੇ ਸਮੇਂ ਅਨੁਸਾਰ ਸਕੂਲੋਂ ਛੁੱਟੀ ਹੋਣ ਤੋਂ ਪਹਿਲਾਂ ਹੀ ਪਾਰਕ ਵਲ ਨੂੰ ਚਲੀ ਗਈ। ਉਹਨੇ ਕੈਲੀ ਨੂੰ ਪਹਿਲਾਂ ਹੀ ਉਸ ਥਾਂ ਤੇ ਕਾਰ ਵਿਚ ਬੈਠਿਆਂ ਦੇਖ ਲਿਆ। ਉਹ ਜਦੋਂ ਕਾਰ ਦੇ ਨਜ਼ਦੀਕ ਪਹੁੰਚੀ ਤਾਂ ਕੈਲੀ ਨ ਕਾਰ ਦਾ ਦਰਵਾਜ਼ਾ ਖੋਲ੍ਹ ਦਿੱਤਾ। ਉਹ ਡਰਦੀ-ਡਰਦੀ ਆਲੇ ਦੁਆਲੇ ਦੇਖਦੀ ਕਾਰ ਵਿਚ ਬੈਠ ਗਈ। ਉਹ ਕਾਫ਼ੀ ਡਰੀ ਹੋਈ ਸੀ। ਉਹਦੇ ਚਿਹਰੇ ਤੇ ਕੁੱਝ ਇਸਤਰ੍ਹਾਂ ਦੇ ਭਾਵ ਸਨ, ਜਿਵੇਂ ਉਹ ਕੋਈ ਬਹੁਤ ਬੁਰਾ ਕੰਮ ਕਰ ਰਹੀ ਹੋਵੇ। ਜਿਹਦੇ ਨਾਲ ਉਹਦੀ ਤੇ ਉਹਦੇ ਘਰ ਦਿਆ ਦੀ ਇੱਜ਼ਤ ਨੂੰ ਖਤਰਾ ਹੋਵੇ। ਉਹ ਡਰਦੀ ਆਲੇ ਦੁਆਲੇ ਵੇਖ ਰਹੀ ਸੀ ਮਤੇ ਕੋਈ ਪੰਜਾਬੀ ਉਹਨੂੰ ਵੇਖ ਲਵੇ ਤੇ ਗੱਲ ਉਹਦੇ ਘਰ ਦਿਆਂ ਤੱਕ ਪਹੁੰਚ ਜਾਵੇ। ਉਹਨੇ ਜਦੋਂ ਕੈਲੀ ਦੇ ਚਿਹਰੇ ਵੱਲ ਵੇਖਿਆ ਤਾਂ ਉਸ ਦੇ ਚਿਹਰੇ ਤੇ ਕੋਈ ਡਰ ਵਰਗੀ ਚੀਜ਼ ਨਹੀਂ ਸੀ। ਕਾਰ ਹੌਲੀ-ਹੌਲੀ ਛੋਟੀਆਂ ਸੜਕਾਂ ਤੇ ਘੁੰਮਣ ਲੱਗੀ। ਥੋੜ੍ਹੇ ਚਿਰ ਬਾਅਦ ਕੈਲੀ ਨੇ ਕਾਰ ਇਕ ਚੁੱਪ ਜਿਹੀ ਸੜਕ ਤੇ ਖੜੀ ਕਰ ਲਈ। ਸੜਕ ਦੇ ਦੋਵੇਂ ਪਾਸੀਂ ਖੁੱਲ੍ਹੀਆਂ ਪਾਰਕਾਂ ਸਨ। ਉੱਚਿਆਂ-ਉੱਚਿਆਂ ਦ੍ਰਖਤਾਂ ਦੀਆਂ ਦੋ ਕਤਾਰਾਂ ਸੜਕ ਦੇ ਦੋਵੇਂ ਪਾਸੀਂ ਇਕ ਦੂਜੇ ਦੇ ਮੁਕਾਬਲੇ ਵਿਚ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਖੜੀਆਂ ਸਨ ਸੀਤੋ ਅੱਜ ਕੈਲੀ ਨਾਲ ਸਾਰੀਆਂ ਗੱਲਾਂ ਕਰਨੀਆਂ ਚਾਹੁੰਦੀ ਸੀ। ਦਿਲ ਦਾ ਹਰ ਸ਼ੱਕ ਮਿਟਾਉਣਾ ਚਾਹੁੰਦੀ ਸੀ। ਉਹ ਇਕ ਨਾ ਮਿਟਣ ਵਾਲਾ ਰਿਸ਼ਤਾ ਕਾਇਮ ਕਰਨਾ

IMPORTERS EXPORTERS WHOLESALERS RETAILERS

**ROKKO SAREES & FABRICS**

OWNED AND OPERATED BY B.S. KHURANA AND SONS AND GRANDSONS

27- SUSSEX RD.. SOUTH CROYDON.
LONDON, ENGLAND

Phone
688-4590

ਚਾਹੁੰਦੀ ਸੀ। ਪਰ ਉਹਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਗੱਲ ਬਾਤ ਨੂੰ ਕਿਥੋਂ ਸ਼ੁਰੂ ਕੀਤਾ ਜਾਵੇ। ਕੇਲੀ ਇਕੋ ਟੱਕ ਉਹਦੇ ਵੱਲ ਸਵਾਲੀਆ ਨਜ਼ਰਾਂ ਨਾਲ ਵੇਖ ਰਿਹਾ ਸੀ। "ਤੂੰ ਕਿਉਂ ਮੇਰੇ ਮਗਰ ਫੇਰੇ ਮਾਰਦਾ ਏਂ" ਧੜਕਦੇ ਦਿਲ ਨਾਲ ਸੀਤੋ ਨੇ ਇਸ ਸਵਾਲ ਨਾਲ ਚੁੱਪ ਨੂੰ ਤੋੜਿਆ। ਇਹ ਉਹਨੂੰ ਪਤਾ ਨਾ ਲੱਗਾ ਕਿ ਉਹਨੇ ਇਹ ਸਵਾਲ ਕਿਉਂ ਕੀਤਾ। ਇਹ ਸ਼ਾਇਦ ਉਹਦੇ ਦਿਲ ਦੀ ਡੂੰਘੀ ਤਹਿ ਵਿਚੋਂ ਆਵਾਜ਼ ਆਈ ਸੀ। ਜਿਹੜੀ ਇਸ ਚੀਜ਼ ਦੀ ਜ਼ਮਾਨਤ ਮੰਗਦੀ ਸੀ ਕਿ ਜਿਸ ਲਈ ਇਹ ਖਤਰਾ ਸਹੇੜਿਆ ਜਾ ਰਿਹਾ ਹੈ ਉਹ ਇਸ ਦੇ ਕਾਬਿਲ ਵੀ ਹੈ ਜਾਂ ਕਿ ਨਹੀਂ।

"ਤੂੰ ਮੈਨੂੰ ਸੁਹਣੀ ਲਗਦੀ ਏ ਤੇ ਮੈਂ ਤੈਨੂੰ ਪਿਆਰ ਕਰਦਾ ਹਾਂ"। ਕੇਲੀ ਨੇ ਮੱਧਮ ਜਿਹੀ ਆਵਾਜ਼ ਵਿਚ ਸੀਤੋ ਦੀਆਂ ਨਜ਼ਰਾਂ ਵਿਚ ਵੇਖਦਿਆਂ ਹੋਇਆਂ ਕਿਹਾ। ਇਸ ਤੋਂ ਬਾਅਦ ਦੋਵੇਂ ਜਣੇ ਕਾਫੀ ਦੇਰ ਉਥੇ ਬੈਠੇ ਗੱਲਾਂ ਕਰਦੇ ਰਹੇ। ਸੀਤੋ ਨੂੰ ਪੂਰਾ ਯਕੀਨ ਹੋ ਗਿਆ ਸੀ ਕਿ ਕੇਲੀ ਉਸਨੂੰ ਦਿਲ-ਜਾਨ ਨਾਲ ਪਿਆਰਦਾ ਹੈ। ਅਤੇ ਇਹ ਪਿਆਰ ਉਹ ਰਹਿੰਦੀ ਦੁਨੀਆਂ ਤੱਕ ਨਿਭਾਏਗਾ। ਸੀਤੋ ਨੇ ਦੂਜੇ ਦਿਨ ਸਾਰੀ ਗੱਲ ਬਾਤ ਲੂਸੀ ਨੂੰ ਦੱਸੀ ਤਾਂ ਉਸ ਵੇਲੇ ਉਨ੍ਹਾਂ ਦੋਹਾਂ ਦੇ ਚਿਹਰਿਆਂ ਤੇ ਜੇਤੂ ਮੁਸਕਾਨ ਸੀ।

ਸੀਤੋ ਕੇਲੀ ਨੂੰ ਹਫ਼ਤੇ ਵਿਚ ਇਕ ਦੋ ਵਾਰ ਜ਼ਰੂਰ ਮਿਲਦੀ। ਹਰ ਮਿਲਣੀ ਤੋਂ ਬਾਅਦ ਉਹ ਕੇਲੀ ਦੇ ਪਿਆਰ ਵਿਚ ਹੋਰ ਰੰਗੀ ਜਾਂਦੀ। ਉਹਨੂੰ ਦੁਨੀਆਂ ਦੀ ਹਰ ਚੀਜ਼ ਹੁਣ ਪਿਆਰੀ ਲੱਗਣ ਲੱਗ ਪਈ ਸੀ। ਉਹਦੇ ਹਰ ਸਾਹ ਤੇ ਹਰ ਹਰਕਤ ਵਿਚ ਪਿਆਰ ਹੁੰਦਾ। ਕੁੜੀਆਂ ਨਾਲ ਗੱਲਾਂ ਕਰਦੀ ਉਹ ਕਈ ਵਾਰੀ ਆਪਣੇ ਆਪ ਵਿਚ ਖੋ ਜਾਂਦੀ ਤੇ ਲਗਦਾ ਜਿਵੇਂ ਉਹ ਕਵਿਤਾ ਉਚਾਰ ਰਹੀ ਹੋਵੇ। ਦੁਨੀਆਂ ਵਿਚ ਗ਼ਮ, ਹਾਰ, ਬੇ-ਇਨਸਾਫ਼ੀਆਂ ਵਿਚੋਂ ਉਹਦਾ ਯਕੀਨ ਉੱਡ ਗਿਆ ਸੀ। ਉਹਨੂੰ ਇਹ ਵੀ ਪ੍ਰਵਾਹ ਨਹੀਂ ਸੀ ਕਿ ਉਹਦੇ ਘਰ ਦਿਆਂ ਨੂੰ ਪਤਾ ਲੱਗ ਸਕਦਾ ਹੈ। ਬੱਸ ਉਹਨੂੰ ਇੱਕ ਚੀਜ਼ ਦਾ ਮਾਣ ਸੀ, ਲੋੜ ਸੀ ਤੇ ਉਹਦੇ ਕੋਲ ਸੀ—ਉਹਦਾ ਕੇਲੀ। ਪਿਆਰ ਦੇ ਨਸ਼ੇ, ਜਵਾਨੀ ਦੇ ਜ਼ੋਰ ਤੇ ਕੇਲੀ ਦੇ ਪਿਆਰ-ਭਰੋਸੇ ਤੇ ਸੀਤੋ ਨੇ ਆਪਣਾ ਸਭ ਕੁੱਝ ਕੇਲੀ ਦੇ ਹਵਾਲੇ ਕਰ ਦਿੱਤਾ ਸੀ।

ਸੀਤੋ ਨੇ ਇਕ ਦਿਨ ਆਪਣੇ ਮੰਮੀ ਤੇ ਡੈਡੀ ਨੂੰ ਰਿਸ਼ਤੇਦਾਰ ਮੁੰਡੇ ਦੀ ਰਾਹਦਾਰੀ ਭੇਜਣ ਦੀਆਂ ਗੱਲਾਂ ਕਰਦੇ ਸੁਣਿਆ, ਉਹਦਾ ਦਿਲ ਕੀਤਾ ਕਿ ਉਹ ਉਨ੍ਹਾਂ ਨੂੰ ਸਾਫ਼ ਸਾਫ਼ ਦੱਸ ਦੇਵੇ ਕਿ ਮੈਂ ਤਾਂ ਆਪਣੀ ਮਰਜ਼ੀ ਨਾਲ ਵਿਆਹ ਕਰਾਉਣਾ ਹੈ। ਇਸ ਲਈ ਮੈਂ ਮੁੰਡਾ ਵੀ ਪਸੰਦ ਕਰ ਰੱਖਿਆ ਹੈ। ਪਰ ਉਹਦਾ ਹੌਂਸਲਾ ਨਾ ਪਿਆ ਆਪਣੇ ਡੈਡੀ ਨੂੰ ਦਿਲ ਦੀ ਗੱਲ ਦੱਸਣ ਦਾ ਤੇ ਉਹ ਚੁੱਪ ਕਰ ਰਹੀ। ਉਸ ਦਿਨ ਤੋਂ ਬਾਅਦ ਜਦੋਂ ਸੀਤੋ ਕੇਲੀ ਨੂੰ ਮਿਲੀ ਤਾਂ ਉਹਨੇ ਗੱਲਾ ਗੱਲਾਂ ਵਿਚ ਵਿਆਹ ਦਾ ਮਾਮਲਾ ਲਿਆਉਣਾ ਚਾਹਿਆ। ਉਹਨੂੰ ਕੇਲੀ ਤੇ ਪੂਰਾ ਯਕੀਨ ਤਾਂ ਸੀ ਪਰ ਕੇਲੀ ਦੇ ਮੂੰਹੋਂ ਹਾਂ ਕਹਾਉਣੀ ਚਾਹੁੰਦੀ ਸੀ। ਪਰ ਕੇਲੀ ਉਸ ਗੱਲ ਨੂੰ ਹੋਰਨਾਂ ਗੱਲਾਂ ਵਿਚ ਹੀ ਦੱਬ ਗਿਆ। ਸੀਤੋ ਜਿੰਨੀ ਵਾਰੀ ਵੀ ਉਹਨੂੰ ਮਿਲਦੀ ਵਿਆਹ ਦੀ ਗੱਲਬਾਤ ਕਰਨੀ ਚਾਹੁੰਦੀ। ਕੇਲੀ ਸਿੱਧਾ ਉਹਨੂੰ ਆਪਣੇ ਇਕ ਦੋਸਤ ਦੇ ਕਮਰੇ ਵਿਚ ਲੈ ਜਾਂਦਾ। ਉਹਦਾ ਦੋਸਤ ਉਸ ਵਕਤ ਕੰਮ ਤੇ ਗਿਆ ਹੁੰਦਾ।

ਸੀਤੋ ਇਸ ਰੋਜ਼-ਰੋਜ਼ ਦੀ ਖੇਡ ਤੋਂ ਤੰਗ ਜਿਹੀ ਆ ਗਈ ਸੀ। ਉਹ ਕੇਲੀ ਨਾਲ ਵਿਆਹ ਬਾਰੇ ਗੱਲ-ਬਾਤ ਕਰਨਾ ਚਾਹੁੰਦੀ ਸੀ। ਕੇਲੀ ਆਪਣੀਆਂ ਦਿਲਚਸਪ ਗੱਲਾਂ ਵਿੱਚ ਉਸਨੂੰ ਮੌਕਾ ਹੀ ਨਾ ਦਿੰਦਾ ਤੇ ਹਰ ਮਿਲਣੀ ਤੋਂ ਪਰਤਣ ਤੋਂ ਪਹਿਲਾਂ ਉਹ ਪੌੜੀ ਦੇ ਉਸ ਡੰਡੇ ਤੇ ਪੈਰ ਰੱਖ ਬਹਿੰਦੀ ਜਿਸ ਵੱਲ ਵੇਖਣਾ ਵੀ ਭਾਰਤੀ ਸੱਭਿਅਤਾ ਵਿੱਚ ਬੱਜਰ-ਪਾਪ ਸਮਝਿਆ ਜਾਂਦਾ ਹੈ। ਇਸ ਗੱਲ ਦਾ ਉਹਨੂੰ ਡਰ ਨਹੀਂ ਸੀ ਕਿ ਉਹਦੇ ਪਿਆਰ ਦਾ ਪੌਦਾ ਉੱਗ ਪਵੇਗਾ। ਕਿਉਂਕਿ ਪੂਰੀ ਸਾਵਧਾਨੀ ਨਾਲ ਲਗਾਤਾਰ, ਉਹ ਗੋਲੀਆਂ ਖਾਂਦੀ ਰਹੀ ਸੀ, ਜੋ ਲੂਸੀ ਨੇ ਉਹਨੂੰ ਲਿਆ ਕੇ ਦਿਤੀਆਂ ਹੋਈਆਂ ਸਨ। ਸੀਤੋ ਦਾ ਪਿਆਰ ਨੂੰ ਮੰਜੇ ਤੱਕ ਸੀਮਤ ਰੱਖਣ ਦਾ ਮੁੱਢ ਤੋਂ ਹੀ ਇਰਾਦਾ ਨਹੀਂ ਸੀ। ਇਹ ਤਾਂ ਉਹਨੇ ਕੇਲੀ ਨੂੰ ਪੂਰੀ ਤਰ੍ਹਾਂ ਪੱਛਮੀ ਸੱਭਿਅਤਾ-ਅਨੁਸਾਰ ਆਪਣੀ ਪਿਆਰ-ਪਕਿਆਈ ਦੱਸਣ ਲਈ ਕੀਤਾ ਸੀ।

ਪੂਰਾ ਹਫਤਾ ਬੀਤ ਗਿਆ ਸੀ ਪਰ ਸੀਤੋ ਨੂੰ ਨਾ ਕੋਈ ਕੇਲੀ ਦਾ ਫ਼ੂਨ ਆਇਆ ਸੀ ਅਤੇ ਨਾ ਹੀ ਉਸਨੇ ਕੇਲੀ ਦੀ ਕਾਰ ਵੇਖੀ ਸੀ। ਜਿਹੜੀ ਅਜੀਬ ਜਿਹੀ ਤਬਦੀਲੀ ਉਹਨੇ ਕੇਲੀ ਵਿਚ ਪਿਛਲੀਆਂ ਇਕ ਦੋ ਮਿਲਣੀਆਂ ਵਿਚ ਦੇਖੀ ਸੀ ਉਹਨੂੰ ਯਾਦ ਕਰਕੇ ਉਹਦਾ ਦਿਲ ਟੁੱਟਦਾ ਜਾਂਦਾ ਸੀ। ਉਹ ਸਕੂਲੋਂ ਆ ਕੇ ਉਦਾਸ ਜਿਹੀ ਟੀਵੀ ਲਾ ਕੇ ਬੈਠੀ ਸੀ। ਫ਼ੂਨ ਦੀ ਘੰਟੀ ਖੜਕੀ। ਉਹਨੇ ਕੰਧ ਉੱਪਰ ਲੱਗੇ ਕਲਾਕ ਵੱਲ ਦੇਖਿਆ। ਉਹਦਾ ਦਿਲ ਖ਼ੁਸ਼ੀ ਨਾਲ ਉਛੱਲਿਆ। ਠੀਕ ਇਸ ਵਕਤ ਕੇਲੀ ਉਸ ਨੂੰ ਫ਼ੂਨ ਕਰਦਾ ਹੁੰਦਾ ਸੀ। ਉਸ ਨੇ ਕਾਹਲੀ ਨਾਲ ਰਸੀਵਰ ਚੁੱਕਿਆ ਅਤੇ ਕੋਈ ਮਧੁਰ ਆਵਾਜ਼ ਸੁਣਨ ਦੀ ਆਸ ਵਿਚ ਰਸੀਵਰ ਕੰਨ ਨੂੰ ਲਾ ਕੇ "ਹੈਲੋ" ਕਿਹਾ। ਦੂਜੇ ਪਾਸਿਉਂ ਤਿੱਖੀ ਜਿਹੀ ਪੰਜਾਬੀ ਵਿਚ ਇਕ ਅਨਜਾਣੀ ਆਵਾਜ਼ ਆਈ, "ਸੁਣਾਉ ਕਿੱਦਾਂ ਸੁਹਣਿਉਂ ਫੇਰ ਕਦ ਦਰਸ਼ਨ ਦੇਣੇ ਨੇ"। ਸੀਤੋ ਸੁਣ ਕੇ ਘਬਰਾ ਗਈ ਅਤੇ ਗੁੱਸੇ ਵਿਚ ਪੁੱਛਿਆ, "ਕੌਣ ਏਂ ਤੂੰ"। "ਤੇ ਹੁਣ ਅਸੀਂ ਕੌਣ ਹੋ ਗਏ! ਉਦੋਂ ਤਾਂ ਮੇਰਾ ਕਮਰਾ ਪਿਓ ਵਾਲੀ ਜਾਇਦਾਦ ਸਮਝ ਰੱਖਿਆ ਸੀ ਤੇ ਹੁਣ ਕਹਿੰਦੀ ਏਂ ਕਿ ਮੈਂ ਕੌਣ ਹਾਂ।" ਆਵਾਜ਼ ਫਿਰ ਚੀਕੀ, "ਮੈਂ ਮੀਕੀ ਹਾਂ, ਕੇਲੀ ਦਾ ਭਾਈ ਬੰਦ। ਤੈਨੂੰ ਸ਼ਾਇਦ ਪਤਾ ਨਹੀਂ ਕਿ ਕੇਲੀ ਪਰਸੋਂ ਇੰਡੀਆ ਨੂੰ ਚਲਾ ਗਿਆ ਹੈ, ਸ਼ਾਇਦ ਵਿਆਹ ਕਰਾਉਣ। ਆਪਣੀ ਕਾਰ ਤੇ ਤੈਨੂੰ ਮੇਰੇ ਕੋਲ ਅਮਾਨਤ ਛੱਡ ਗਿਆ ਏ। ਹੁਣ ਤੂੰ ਬਹਾਨੇ ਬਾਜ਼ੀ ਛੱਡ, ਤੇ ਦੱਸ ਕਿੱਦਣ ਆ ਰਹੀ ਏਂ। ਆਪਣੇ ਪੁਰਾਣੇ ਕਮਰੇ ਵਿਚ"। ਸੀਤੋ ਨੇ ਗਾਲ੍ਹਾਂ ਕੱਢਦੀ ਨੇ ਰਸੀਵਰ ਠਾਹ ਕਰਕੇ ਮਾਰਿਆ। ਉਹਨੂੰ ਚੱਕਰ ਜਿਹੇ ਆਉਣ ਲੱਗ ਪਏ। ਉਹਦੇ ਦਿਮਾਗ ਵਿਚ ਮੀਕੀ ਦੇ ਕਹੇ ਹੋਏ ਸ਼ਬਦ ਗੂੰਜਣ ਲੱਗੇ। "ਕਾਰ ਤੇ ਤੈਨੂੰ ਮੇਰੇ ਹਵਾਲੇ ਕਰ ਗਿਆ ਏ। ਕਾਰ ਤੇ ਮੈਂ—ਕਾਰ ਤੇ ਮੈਂ" ਤੇ ਉਹ ਸੋਫ਼ੇ ਤੇ ਡਿੱਗ ਪਈ। ਥੋੜ੍ਹੇ ਚਿਰ ਬਾਅਦ ਉੱਠੀ ਤੇ ਆਪਣੇ ਕਮਰੇ ਵਿਚ ਜਾ ਕੇ ਰਜਾਈ ਲੈ ਕੇ ਪੈ ਗਈ ਤਾਂ ਕਿ ਉਹਨੂੰ ਘਰ ਦਿਆਂ ਦੇ ਹਰ ਤਰ੍ਹਾਂ ਦੇ ਸਵਾਲਾਂ ਦੇ ਜਵਾਬ ਨਾ ਦੇਣੇ ਪੈਣੇ। ਰੋਟੀ ਪਾਣੀ ਦੇ ਸਮੇਂ ਉਹਨੇ ਆਪਣੇ ਮੰਮੀ ਡੈਡੀ ਦੀ ਆਵਾਜ਼ ਸੁਣੀ। ਉਸ ਦੇ ਰਿਸ਼ਤੇ

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
3483 KINGSWAY, VANCOUVER, B.C., CANADA. V5R 5L5.
PHONE: 438-1304 324-2557

ਦੀ ਗੱਲ ਬਾਤ ਫਿਰ ਹੋ ਰਹੀ ਸੀ। ਇਸ ਵਾਰ ਇਹ ਗੱਲ ਸੁਣ ਕੇ ਉਹਦੇ ਦਿਲ ਵਿਚੋਂ ਕਿਸੇ ਵੀ ਵਿਰੋਧ ਦੀ ਆਵਾਜ਼ ਨਾ ਉੱਠੀ ਅਤੇ ਉਹਨੇ ਆਪਣੇ ਕੰਨ ਦੋਹਾਂ ਹੱਥਾਂ ਨਾਲ ਬੰਦ ਕਰ ਲਏ।

ਤੇ ਅੱਜ ਉਹ ਦਸਾਂ ਦਿਨਾਂ ਬਾਅਦ ਸਕੂਲ ਆਈ ਸੀ। ਕੈਲੀ ਦੀ ਲਾਲ ਕਾਰ ਵਿਚ ਮੀਕੀ ਨੂੰ ਦੇਖ ਕੇ ਉਹਨੂੰ ਲੋਹੜਿਆਂ ਦਾ ਗੁੱਸਾ ਆਇਆ, ਪਰ ਉਸ ਨੇ ਦੁਬਾਰਾ ਪਿੱਛੇ ਮੁੜ ਕੇ ਨਾ ਦੇਖਿਆ।

# GREEN CHAIN

# ਗਰੀਨ ਚੇਨ

**ਅਮਰਜੀਤ ਸਿੰਘ ਚਾਹਲ**

"ਗਰੀਨ ਚੇਨ ਦਾ ਮਤਲਬ ਹੁੰਦਾ, ਬਈ ਉਹ ਚੈਨ ਜਿਸ ਤੇ ਵੰਨ ਇੰਚ ਤੋਂ ਲੈ ਕੇ ਫੋਰ ਇੰਚ ਤਕ ਮੋਟੇ ਤੇ ਵੰਨ ਬਾਈ ਟੂ ਤੋਂ ਲੈ ਕੇ ਫੋਰ ਬਾਈ ਟਵੇਲਵ ਤਕ ਦੇ ਮੋਟੇ ਫੱਟੇ ਆਉਂਦੇ ਹੁੰਦੇ ਹੈ।" ਦਲਬੀਰ ਦੇ ਅੰਕਲ ਨੇ ਇਕ ਪ੍ਰੋਫੈਸਰ ਵਾਂਗ ਆਪਣੇ ਹੱਥਾਂ ਨੂੰ ਵੀ ਹਰਕਤ ਦੇਂਦੇ ਹੋਏ, ਉਸ ਨੂੰ ਗਰੀਨ ਚੇਨ ਬਾਰੇ ਸਭ ਤੋਂ ਪਹਿਲੀ ਗੱਲ ਦੱਸੀ ਅਤੇ ਅੱਗੇ ਬੋਲਣਾ ਜਾਰੀ ਰੱਖਦੇ ਹੋਏ ਨੇ ਆਖਿਆ, "ਆ ਜਿਹੜਾ ਆਪਣਾ ਟੇਬਲ ਹੈ ਇਸਨੂੰ ਤੂੰ ਸਮਝ ਲੈ ਕੇ ਗਰੀਨ ਚੇਨ ਹੈ ਤੇ ਇਸ ਤੇ ਚਾਰ ਚੇਨਾਂ ਚਲਦੀਆਂ ਹਨ। ਜਿਨ੍ਹਾਂ ਨੂੰ ਆਪਾਂ ਪੰਜਾਬੀ 'ਚ ਸੰਗਲ ਆਖਦੇ ਹਾਂ ਉਹੀ ਚੇਨਾਂ ਹੁੰਦੀਆਂ। ਤੇਰੇ ਲੱਕ ਬੱਦਰ ਬੰਨਿਆ ਹੋਇਆ ਤੇ ਹੱਥਾਂ ਵਿਚ ਗਲੱਬ (ਦਸਤਾਨੇ) ਪਾਏ ਹੋਏ ਤੇ ਤੂੰ ਕੋਈ ਵੀ ਫੱਟਾ ਆਵੇ ਉਸਨੂੰ ਫੜ ਕੇ ਆਪਣੇ ਪੱਟ ਦੇ ਨਾਲ ਘੁਸਾਂਦੇ ਹੋਏ ਨੇ ਦੋ ਬਲੱਕਾਂ ਤੇ ਟਿਕਾ ਦੇਣਾ। ਬਸ ਏਨਾ ਕੰਮ ਹੈ, ਘਬਰਾ-ਉਂਣ ਵਾਲੀ ਕੋਈ ਗੱਲ ਨਹੀਂ ਬਾਕੀ ਇਹ ਰਘਬੀਰ ਹੋਣੀ ਤੇਰੇ ਨਾਲ ਹੋਣੇ ਆ ਤੇ ਨਾ ਵੀ ਹੋਣ ਤਾਂ ਕੰਮ ਵੇਲੇ ਨਾਲ ਦਿਆਂ ਨਾਲ ਬਣਾ ਕੇ ਰੱਖੀਦੀ ਹੈ।"

"ਓ ਨਹੀਂ ਛੋਟੇ ਭਾਈ ਮਜਾਲਗੀ ਕੋਈ ਕੂਹ ਵੀ ਜਾਵੇ" ਰਘਬੀਰ ਨੇ ਬੋਤਲ ਗਲਾਸ ਵਿਚ ਉੱਲਧਦੇ ਹੋਏ ਨੇ ਆਖਿਆ, "ਆਪਾਂ ਉਹਨੂੰ ਸਾਲੇ ਨੂੰ ਮਿੱਲ ਚੋਂ ਫੋਅਰ ਕਰਵਾ ਦੇਈਏ। ਪ੍ਰਸਨਲ ਆਪਣਾ ਖ਼ਾਸ ਬੰਦਾ ਏ।"

ਹਰ ਹਫਤੇ ਰਘਬੀਰ ਹੋਣੀ ਆਉਣੇ, ਸ਼ਰਾਬ ਉੜਾਉਂਦੇ ਅਤੇ ਅੰਕਲ ਉਹਨਾਂ ਨੂੰ ਹਰ ਵਾਰ ਮੁੰਡੇ ਦੇ ਕੰਮ ਬਾਰੇ ਆਖਦਾ, "ਇਹਨੂੰ ਕਿਤੇ ਮਿੱਲ ਵਿਚ ਕੰਮ ਦਵਾਉ, ਮੁੰਡਾ ਗਭਰੂ ਹੈ ਹੋਰ ਥਾਂ ਕੰਮਾਂ ਵਿਚ ਕਿਤੇ ਪੈਸੇ ਬਣਦੇ ਆਂ" ਉਹ ਆਪ ਵੀ ਏਸੇ ਤਰ੍ਹਾਂ ਹੀ ਮਿੱਲ ਵਿਚ ਕੰਮ ਤੇ ਲੱਗਾ ਸੀ। ਅੰਗਰੇਜ਼ੀ ਉਸਨੂੰ ਆਉਂਦੀ ਨਹੀਂ ਸੀ ਅਤੇ ਨਾ ਹੀ ਕਦੇ ਉਸਨੇ ਸਿੱਖਣ ਦੀ ਲੋੜ ਸਮਝੀ। ਉਸ ਵਾਸਤੇ ਸ਼ਰਾਬ ਕੰਮ ਤੇ ਪੈਸਾ ਹੀ ਜ਼ਿੰਦਗੀ ਹੈ। ਹੁਣ ਆਪਣੇ ਭਤੀਜੇ ਦਿਲਬਰ ਬਾਰੇ ਵੀ ਉਹ ਇਹ ਹੀ ਕੋਸ਼ਿਸ ਕਰ ਰਿਹਾ ਹੈ ਕਿ ਜਿਵੇਂ ਕਿਵੇਂ ਵੀ ਹੋ ਸਕੇ ਦਿਲਬੀਰ ਵੀ ਮਿੱਲ ਵਿਚ ਕੰਮ ਕਰਨ ਲੱਗ ਪਵੇ ਅਤੇ ਪੈਸੇ ਬਣਾਵੇ।

ਉਹ ਆਪ ਜਦ ਕੈਨੇਡਾ ਆਇਆ ਸੀ ਤਾਂ ਉਸ ਨੂੰ ਲੱਗਾ ਸੀ ਕੇ ਜਿਵੇਂ ਇਕ ਦਮ ਸਵਰਗ ਵਿਚ ਆ ਗਿਆ ਹੋਵੇ। ਕੁਝ ਪਾਰਟੀ ਅਜਿਹੀ ਮਿਲੀ ਜੋ ਕਿ ਖਾਣ ਪੀਣ ਵਾਲੀ ਸੀ। ਮਹੀਨੇ ਵਿਚ ਦੋ ਵੇਰ ਪੈਸੇ ਮਿਲਣ ਦੇ ਕਾਰਨ ਜੇਬ ਸਦਾ ਭਾਰੀ ਰਹਿੰਦੀ। ਸੁਣੀ ਸੁਣਾਈ ਗੱਲ ਤੇ ਕਿ, "ਜਿਨ੍ਹਾਂ ਕਮਾਉ ਉਨ੍ਹਾਂ ਹੀ ਖਾਉ।" ਉਸ ਨੇ ਵੀ ਅਮਲ ਕਰਨਾ ਸ਼ੁਰੂ ਕਰ ਦਿਤਾ। ਘੋੜੇ ਖੇਲਣੇ ਰੰਡੀਆਂ ਹੰਡਾਉਣੀਆਂ ਆਦਿ ਕਈ ਗੱਲਾਂ ਇਸ ਦਾ ਸ਼ੁਗਲ ਬਣ ਗਿਆ। ਦੋਸਤਾਂ ਤੋਂ ਅੱਗੇ ਕਈ ਦੋਸਤ ਬਣਦੇ ਗਏ। ਹਰ ਕੋਈ ਖਾ ਪੀ ਕੇ ਪੱਤਰਾ ਵਾਚ ਜਾਂਦਾ। ਉਸਦਾ ਟੱਬਰ ਤੇ ਨਿਆਣੇ ਦੇਸ਼ ਵਿਚ ਪੈਸੇ ਦੁਖੋਂ ਰੁਲ ਗਏ। ਜਦ ਉਮਰ ਢਲੀ, ਦਿਸਿਆ ਜਵਾਨੀ ਜਵਾਬ ਦੇ ਚੱਲੀ ਹੈ ਤਾਂ ਉਸ ਵੇਲੇ ਨਿਆਣੇ ਮੰਗਵਾ ਲਏ। ਕੱਲੇ ਕਾਰੇ ਨਾਲੋਂ ਖਰਚ ਜਦ ਹੁਣ ਵਧੀਆ ਤਾਂ ਪੈਸੇ ਦੀ ਲੋੜ ਮਹਿਸੂਸ ਹੋਈ। ਆਪਣੇ ਸੱਕੇ ਭਰਾ ਦਾ, ਜਿਸ ਤੋਂ ਵਿੱਛੜਨ ਲੱਗਿਆ ਦਿਲ ਡੋਲਿਆ ਸੀ ਤੇ ਮਨ ਖੁਸਿਆ ਸੀ, ਉਸ ਭਰਾ ਦੀਆਂ ਬਾਰ ਬਾਰ ਚਿਠੀਆਂ ਆਉਣ ਤੇ ਆਖਰ ਉਸ ਆਪਣੇ ਭਤੀਜੇ ਨੂੰ ਵੀ ਸੱਦ ਲਿਆ। ਖਰਚ ਤੇ ਖਰਚ ਵਧ ਗਿਆ। ਇਕ ਵਾਰ ਉਸ ਦਾ ਦਿਲ ਕੀਤਾ ਕੇ ਦਿਲਬੀਰ ਨੂੰ ਵੀ ਏਥੇ ਪੜ੍ਹਨੇ ਪਾ ਦੇਵੇ। ਹੋਰ ਮਾਲੀ ਹਾਲਤ ਨੇ ਇਜਾਜ਼ਤ ਨਾ ਦਿਤੀ। ਸੋ ਉਸ ਵੇਲੇ ਉਸ ਨੇ ਤਸਵੀਰ ਦਾ ਪਾਸਾ ਦੇਖਿਆ ਕਿ ਦਲਬੀਰ ਕੰਮ ਕਰਕੇ ਪੈਸੇ ਬਚਾਵੇ ਅਤੇ ਆਪਣੇ ਬਾਪ ਨੂੰ ਜਮੀਨ ਖਰੀਦ ਕੇ ਦੇਵੇ ਜੋ ਹੁਣ ਤਕ ਉਸਨੂੰ ਇਹ ਹੀ ਮਿਹਣੇ ਦਿੰਦਾ ਰਿਹਾ ਸੀ ਕਿ ਤੂੰ ਬਾਹਰ ਜਾ ਕੇ ਵੀ ਘਰ ਦਾ ਕੁਝ ਨਹੀਂ ਵਰਿਆ।

ਇਕ ਦਿਨ ਨਸ਼ੇ ਦੀ ਲੋਰ ਵਿਚ ਉਸਨੇ ਦਲਬੀਰ ਨੂੰ ਕਿਹਾ ਸੀ, "ਮੈਂ ਤੈਨੂੰ ਮੰਗਵਾ ਲਿਆ ਤੇ ਹੁਣ ਕੰਮ ਤੇ ਲਵਾ ਕੇ ਆਪਣਾ ਫਰਜ਼ ਪੂਰਾ ਕਰ ਦੇਣਾ ਹੈ। ਅਗਾਂਹ ਆਪਣੇ ਦੂਜੇ ਭਰਾਵਾਂ ਨੂੰ ਮੰਗਵਾਉਣਾ ਨਾ ਮੰਗਵਾਉਣਾ ਤੇ ਆਪਣੇ ਬਾਪ ਨੂੰ, ਜੋ ਵੀ ਮੰਗ ਲੈ ਕੇ ਦੇਣਾ ਤੇਰਾ ਫਰਜ਼ ਹੈ।

ਜਦ ਦਲਬੀਰ ਦਾ ਅੰਕਲ ਕੰਮ ਤੇ ਲੱਗਾ ਸੀ ਤਾਂ ਉਹ ਥੋੜੇ ਚਿਰ ਬਾਅਦ ਰਘਬੀਰ ਹੁਣਾਂ ਨਾਲ ਕਿਸੇ ਗੱਲ ਤੋਂ ਲੜ ਪਿਆ ਸੀ। ਪਰ ਅਸਲ ਗੱਲ ਇਹ ਸੀ ਕੇ ਰਘਬੀਰ ਹੁਣੀ ਉਸ ਦਾ ਖਰਚ ਬਹੁਤ ਕਰਵਾਉਂਦੇ ਸੀ ਤੇ ਖਾਣ ਪੀਣ ਦੇ ਨਾਲ ਨਾਲ ਇਹ ਵੀ ਇਹਸਾਨ ਉਸਨੂੰ ਜਿਤਾਉਂਦੇ ਰਹਿੰਦੇ ਸਨ ਕਿ ਜੇਕਰ ਅਸੀਂ ਨਾ ਹੁੰਦੇ ਤਾਂ ਪਤਾ ਨਹੀਂ ਕਿੰਨਾ ਚਿਰ ਤੈਨੂੰ ਵਿਹਲਾ ਬੈਠਣਾ ਪੈਂਦਾ। ਉਹਨਾਂ ਦਿਨਾਂ ਵਿਚ ਕੰਮ ਵੀ ਨਹੀਂ ਮਿਲਦੇ ਸੀ। ਹੁਣ ਫੇਰ ਰਘਬੀਰ ਹੁਣਾਂ ਨੂੰ ਦਲਬੀਰ ਦੇ ਕੰਮ ਦੀ ਖਾਤਰ ਬੁਲਾਉਣਾ ਪਿਆ। ਉਹ ਕਦੇ ਵੀ ਖਾਣ ਪੀਣ ਦਾ ਮੌਕਾ

IMPORTERS EXPORTERS WHOLESALERS RETAILERS
ROKKO SAREES & FABRICS
635-BLOOR STREET WEST. TORONTO. ONTARIO. CANADA
Phone 533-1106
OWNED AND OPERATED BY B.S. KHURANA AND SONS AND GRANDSONS

ਹੱਥੋਂ ਨਹੀਂ ਸੀ ਛੱਡਦੇ। ਉਹਨਾਂ ਨੂੰ ਪਤਾ ਸੀ ਕੇ ਏਹੋ ਜੇਹੇ ਵੇਲੇ ਜਵਾਈਆਂ ਵਾਂਗ ਅਗਲੇ ਸੇਵਾ ਕਰਦੇ। ਡੇਢ ਦੋ ਮਹੀਨੇ ਲਗਾਤਾਰ ਖਾਣ ਪੀਣ ਤੋਂ ਬਾਅਦ ਪ੍ਰਸਨਲ ਪਹਿਲੀ ਚੈੱਕ ਦੇਣ ਦਾ ਇਕਰਾਰ ਕਰਕੇ, ਅਖੀਰ ਦਿਲਬੀਰ ਨੂੰ ਗਰੀਨ ਚੇਨ ਤੇ ਕੰਮ ਮਿਲ ਗਿਆ। ਏਸੇ ਕੰਮ ਵਾਸਤੇ ਹੀ ਅੱਜ ਦੀ ਮਹਿਫਲ ਸਜੀ ਹੋਈ ਸੀ ਅਤੇ ਦਲਬੀਰ ਨੂੰ ਜ਼ਰੂਰੀ ਸਿਖਿਆ ਦਿਤੀ ਜਾ ਰਹੀ ਸੀ। ਉਹ ਸਿਵਾਏ ਹੂੰ ਹਾਂ ਦੇ ਕੁਝ ਨਹੀਂ ਸੀ ਬੋਲ ਰਿਹਾ।

ਰਘਬੀਰ ਦਲਬੀਰ ਨੂੰ ਕੰਮ ਤੇ ਛੱਡਣ ਗਿਆ। ਉਸ ਨੇ ਕੁਝ ਗਰੀਨ ਚੇਨ ਤੇ ਕੰਮ ਕਰਨ ਵਾਲਿਆਂ ਨੂੰ ਆਖਿਆ ਸੀ, "ਇਹ ਆਪਣਾ ਮੁੰਡਾ ਹੈ ਇਸ ਦਾ ਖਾਸ ਖਿਆਲ ਰੱਖਣਾ।" ਇਕ ਨੇ ਮੁਸਕਰਾ ਕੇ ਆਖਿਆ ਸੀ, "ਜਿਵੇਂ ਆਖੇਂ ਆੜੀ ਤੂੰ ਜ਼ਰਾ ਜਿਨ੍ਹਾਂ ਫਿਕਰ ਨਾ ਕਰ।" ਗਰੀਨ ਚੇਨ ਤੇ ਕੰਮ ਕਰਨ ਵਾਲਿਆਂ ਵਿਚ ਇਕ ਘੁਸਰ-ਮੁਸਰ ਜਿਹੀ ਹੋਈ ਕਿ ਅੱਜ ਇਕ ਹੋਰ ਨਵਾਂ ਆਦਮੀ ਕੰਮ ਤੇ ਆਇਆ।

"ਖਿਚ ਲੈ ਬਈ ਆਹ ਫੋਰ ਬਾਈ ਫੋਰ ਸਾਰੀ ਤੇਰੀ ਆ।" ਕਹਿ ਕੇ ਪ੍ਰਿਥਵੀ ਗਿਆਨੀ ਵਲ ਨੂੰ ਹੋ ਤੁਰਿਆ।

ਗਿਆਨੀ ਨੇ ਉਸ ਨੂੰ ਆਪਣੇ ਵਲ ਨੂੰ ਆਉਂਦਾ ਦੇਖ ਕੇ ਆਖਿਆ, 'ਭੂਤਨੀ ਦਿਆ ਮੁੰਡਾ ਨਵਾਂ ਹੱਥ ਪਵਾ ਦੇ ਨਾਲ ਮੇਰੇ ਵਲ ਬੂਥਾ ਚੁਕੀ ਤੁਰਿਆ ਆਉਂਦੈ।"

"ਮੁੰਡੇ ਨੂੰ ਟਰੇਨਿੰਗ ਦਿੰਦੇ ਹਾਂ, ਐਂਵੇ ਨਾ ਕੰਜਰ ਦੀਏ ਮਾਰੇ ਬੋਲਿਆ ਕਰ।" ਕਹਿ ਕੇ ਉਸਨੇ ਗਿਆਨੀ ਨਾਲ ਇਕ ਦੋ ਫੱਟੇ ਖਿਚੇ ਤਾਂ ਰਤਨ ਸਿਉਂ ਵਲ ਨੂੰ ਹੋ ਤੁਰਿਆ।

ਰਤਨ ਸਿਓਂ ਨੂੰ ਉਸ ਨੇ ਆਉਂਦੇ ਨੂੰ ਹੀ ਆਖਿਆ, "ਤੈਨੂੰ ਤਾਂ ਐਸ਼ ਹੋ ਗਈ ਯੰਗ ਮੈਨ ਸ਼ਗਿਰਦ ਲੱਭ ਪਿਆ।" ਉਸ ਦੀ ਗੱਲ ਦਾ ਜਵਾਬ ਦੇਣ ਦੀ ਵਜਾਏ ਜੀਵਾ ਬੋਲਿਆ, "ਖਿਚ ਲੈ ਖਿਚ ਲੈ ਰਤਨ ਸਿਆਂ, ਪਿੰਡ ਤਾਂ ਚੁਮਾਰਿਆਂ ਨੂੰ ਚਾਦਰੇ ਦੀ ਕੰਨੀ ਫੜ ਕੇ ਆਖਦਾ ਹੁੰਦਾ ਸੀ, ਕਿਧਰ ਰੱਬੇ ਮਾਰਨ ਡਹੀਆ, ਆ ਜਾਉ ਦੇ ਦਊਂਗਾ ਤੂੜੀ ਦੀ ਪੰਡ ਕੁੱਪ ਚੋਂ।"

ਸੱਤ ਅੱਠ ਆਦਮੀ ਜਿਨੇ ਵੀ ਸੀ ਆਪੋ ਆਪਣੀਆਂ ਹੀ ਮਾਰਦੇ ਸੀ। ਗੱਡੇ ਲੱਗੇ ਬਲਦਾਂ ਵਰਗੀ ਉਹਨਾਂ ਦੀ ਚਾਲ ਸੀ। ਜਦ ਕਦੇ ਫੋਰਮੈਨ ਆਉਂਦਾ ਤਾਂ ਉਸਨੂੰ ਦੇਖ ਕੇ ਆਪਣਾ ਜ਼ੋਰ ਲਾ ਕੇ ਲੰਬਰ ਲੱਗ ਪੈਂਦੇ ਅਤੇ ਨਾਲ ਹੀ ਆਪਣੇ ਨਾਲ ਦੇ ਨੂੰ ਦੱਸ ਦਿੰਦੇ, "ਉਏ ਫੋਰਮੈਨ ਆ ਗਿਆ ਜ਼ਰਾ ਜ਼ੋਰ ਲਾ ਦੇ।" ਉਸ ਦੇ ਜਾਣ ਤੋਂ ਬਾਅਦ ਫੇਰ ਇਕ ਦੂਜੇ ਨੂੰ ਉੱਚੀ-ਉੱਚੀ ਗਾਲ੍ਹਾਂ ਕੱਢਣ ਅਤੇ ਭੋਡੇ ੨ ਮਖੌਲ ਕਰਨ ਲੱਗ ਜਾਂਦੇ। ਹਰ ਕੋਈ ਆਪਣੇ ਦੋਸਤ ਦੀ ਮੱਦਦ ਕਰਦਾ। ਗਿਆਨੀ ਨੂੰ ਦਲਬੀਰ ਤੰਗ ਹੁੰਦਾ ਦੇਖਕੇ ਤਰਸ ਆਇਆ ਅਤੇ ਉਹ ਦਲਬੀਰ ਦੀ ਮੱਦਦ ਕਰਨ ਲੱਗ ਪਿਆ, ਨਾਲ ਹੀ ਆਖ ਦਿਤਾ, "ਪ੍ਰਿਥਵੀ ਦਾ ਲੰਬਰ ਨਾ ਖਿਚੀ। ਔਹ ਤਿੰਨਾਂ ਲੋਡਾਂ ਦਾ ਤੂੰ ਖਿਆਲ ਰੱਖ ਉਦਾਂ ਉਹਨੇ ਆਪਨੀ ਮਾਂ ਦੇ......ਤੁਰਿਆ ਈ ਫਿਰਨਾ।" ਪਰ ਦਲਬੀਰ ਨੂੰ ਤਾਂ ਇਹ ਨਹੀਂ ਸੀ ਪਤਾ ਲਗ ਰਿਹਾ ਕਿ ਕਿਸ ਲੋਡ ਦਾ ਲੰਬਰ ਖਿਚੇ ਕਿਸਦਾ ਨਾ। ਕਈ ਵਾਰ ਉਹ ਗਲਤ ਖਿਚ ਦਿੰਦਾ। ਜੇਕਰ ਲੰਬਰ ਭਾਰਾ ਹੁੰਦਾ ਤਾਂ ਉਸ ਦੀਆਂ ਅੱਖਾਂ ਅੱਗੇ ਭੰਭਰ ਤਾਰੇ ਆ ਜਾਂਦੇ। ਮਹੀਨਾ ਡੇਢ ਮਹੀਨਾ ਉਸ ਦੀ ਗਰਮੀ ਨਾ ਸੁਕੀ। ਹਰ ਰੋਜ਼ ਮਨ ਨੂੰ ਮਾਰ ਕੇ ਕੰਮ ਤੇ ਆਉਂਦਾ।

ਇਕ ਦਿਨ ਗਿਆਨੀ ਨੇ ਦਿਲਬੀਰ ਨੂੰ ਪੁਛਿਆ ਅੱਗੇ ਵੀ ਕਿਤੇ ਕੰਮ ਕੀਤਾ ਸੀ ਕੇ ਨਹੀਂ। ਦਲਬੀਰ ਗਿਆਨੀ ਨੂੰ ਆਪਣਾ ਦਿਲੀ ਦੋਸਤ ਸਮਝਣ ਲੱਗ ਪਿਆ ਸੀ। ਕਿਸੇ ਹੱਦ ਤਕ ਉਹਨਾਂ ਦੇ ਵਿਚਾਰ ਵੀ ਇਕ ਸਨ। ਉਸ ਨੇ ਆਖਿਆ, "ਕੀਤਾ ਤਾਂ ਕਿਤੇ ਨਹੀਂ ਇਕ ਮਿੱਲ ਵਿਚ ਫੱਟੇ ਖਿਚਣੇ ਸਿਖਣ ਜਾਂਦਾ ਹੁੰਦਾ ਸੀ। ਦੱਸ ਪੰਦਰਾਂ ਦਿਨ ਜਾਂਦਾ ਰਿਹਾ ਬਾਅਦ ਵਿਚ ਮੇਰੇ ਇਕ ਦਿਨ ਪੈਰ ਤੇ ਫੱਟਾ ਲੱਗਾ ਤਾਂ ਉਹਨਾਂ ਆਉਣੋਂ ਬੰਦ ਕਰ ਦਿਤਾ।"

"ਸਿੱਖਣ ਤੋਂ ਤੇਰਾ ਮਤਲਬ ਬਈ ਮੁਖ਼ਤ ਕੰਮ ਕਰਦਾ ਹੁੰਦਾ ਸੀ, ਹੈ ਨਾ।"

"ਹਾਂ"

"ਸੋਹਣੀ ਗੱਲ ਹੈ ਮੁਖ਼ਤ ਕੰਮ ਕਰ ਕਰਕੇ ਇਹਨਾਂ ਨੂੰ ਆਪਣੀ ਕਾਤ ਦੱਸੋ। ਕੰਪਨਸੈਂਸ਼ਨ ਮਿਲੀ ਫੇਰ?"

"ਨਹੀਂ"

"ਲੈ ਖਾਂ ਇਹ ਸਾਲੇ ਕਿਸੇ ਦੇ ਫਰੀ ਕੰਮ ਕਰਨ ਚਲੇ ਜਾਣ, ਜਿਵੇਂ ਤੇਰੇ ਸੱਟ ਲੱਗੀ ਸੀ ਕਿਸੇ ਗੋਰੀ ਚਮੜੀ ਵਾਲੇ ਦੀ ਲੱਗੀ ਹੁੰਦੀ। ਕੰਪਨੀ ਦਾ ਮੱਕੂ ਬੰਨ੍ਹ ਕੇ ਨਾ ਰੱਖ ਦਿੰਦਾ ਤਾਂ ਮੈਨੂੰ ਕਹਿੰਦਾ। ਉਹਨੇ ਘਰ ਬੈਠੇ ਨੇ ਦੋ ਢਾਈ ਮਹੀਨੇ ਖਾਣਾ ਸੀ। ਏਸੇ ਕਰਕੇ ਇਹ ਗੋਰਿਆਂ ਕੋਲੋਂ ਫਰੀ ਕੰਮ ਨਹੀਂ ਕਰਵਾਉਂਦੇ। ਇਧਰ ਆਪਣੇ, ਆਪ ਮਿੰਨਤਾਂ ਕਰ ਕਰ ਕੇ ਪਹਿਲਾਂ ਫਰੀ ਕੰਮ ਕਰਦੇ ਰਹਿੰਦੇ ਹਨ ਤੇ ਸੋਚਦੇ ਆ ਕੇ ਸ਼ਾਇਦ ਏਸੇ ਤਰ੍ਹਾਂ ਹੀ ਕੰਮ ਪੱਕਾ ਹੋ ਜਾਵੇ।"

ਲੱਗਦੇ ਹੱਥ ਹੀ ਗਿਆਨੀ ਨੇ ਹੋਰ ਵੀ ਪਛ ਲਿਆ।

"ਰਘਬੀਰ ਹੁਣਾਂ ਨੇ ਕਿਨੇ ਪੈਸੇ ਲੈਣੇ ਕੀਤੇ?"

"ਕਿਉਂ, ਪਹਿਲੀ ਚੈੱਕ।" ਦਲਬੀਰ ਦਾ ਮੂੰਹ ਉਡ ਗਿਆ। ਪਹਿਲਾਂ ਤਾਂ ਉਸਨੇ ਟਾਲਮਟੋਲ ਕਰਨੀ ਚਾਹੀ ਸੀ ਪਰ ਫੇਰ ਅਚਾਨਕ ਹੀ ਉਸ ਦੇ ਮੂੰਹੋਂ ਸੱਚ ਨਿਕਲ ਗਿਆ ਸੀ। ਹੁਣ ਉਹ ਦਿਲ ਵਿਚ ਪਛਤਾ ਰਿਹਾ ਸੀ ਕੇ ਉਸ ਦੇ ਅੰਕਲ ਨੂੰ ਕਿਹਾ ਸੀ। ਇਹ ਗੱਲ ਕਿਸੇ ਨੂੰ ਨਹੀਂ ਦਸਣੀ।

"ਕਹਿੰਦੇ ਹੋਣੇ ਪ੍ਰਸਨਲ ਨੂੰ ਦੇਣੀ ਹੈ ਪਹਿਲੀ ਚੈੱਕ। ਰੱਖਣੀ ਇਹਨਾਂ ਆਪਣੀ ਮਾਂ ਦੇ ਖਸਮਾਂ ਨੇ ਆਪ ਹੈ। ਨਾਂ ਪ੍ਰਸਨਲ ਦਾ। ਉਹਨੂੰ ਪਤਾ ਕੀ ਦਿੰਦੇ?'

ਦਲਬੀਰ ਸਿਰਫ ਨਾ ਵਿਚ ਸਿਰ ਹੀ ਹਲਾ ਸਕਿਆ।

"ਕਿਤੇ ਛਮਾਈ ਨੌਮਾਈ ਸ਼ਰਾਬ ਦੀ ਬੋਤਲ ਤੇ ਉਹ ਵੀ ਨਾਲ ਬੈਠ ਕੇ ਪੀਂਦੇ ਹਨ।"

ਦਲਬੀਰ ਨੂੰ ਗਿਆਨੀ ਚੰਗਾ ਦੋਸਤ ਮਿਲ ਗਿਆ ਸੀ। ਉਹਨਾਂ ਦੀ ਯਾਰੀ ਹੋਰ ਵੀ ਦਿਨੋਂ ਦਿਨ ਵਧਦੀ ਗਈ ਅਤੇ ਘਰੇਲੂ ਮਾਮਲਿਆਂ ਵਿਚ ਵੀ ਇਕ ਦੂਜੇ ਦੀ ਸਲਾਹ ਲੈਣ ਲੱਗ ਪਏ। ਦਲਬੀਰ ਦੇ ਵੀ ਹੁਣ ਗੱਡੇ ਲੱਗੇ ਬਲਦ ਵਾਂਗ ਕੰਨ੍ਹ ਪੈ ਚੁਕਾ ਸੀ ਅਤੇ ਉਸ ਨੂੰ ਕਦੇ ਵੀ ਕੋਈ ਕੰਮ ਔਖਾ ਨਹੀਂ ਸੀ ਲੱਗਾ। ਸਮਾਂ

MOVIES FOREIGN EXCHANGE CONCERT
SIHOTA DISTRIBUTORS
3483 KINGSWAY, VANCOUVER, B.C., CANADA. V5R 5L5.
PHONE: 438-1304 324-2557
MANAGER KARTAR SINGH AHLUWALIA

ਆਪਣੀ ਚਾਲੇ ਚਲਦਾ ਗਿਆ। ਦੋ ਸਾਲ ਫੱਟੇ ਖਿਚਣ ਤੋਂ ਬਾਅਦ ਉਸ ਨੂੰ ਮਿੱਲ ਵਿਚ ਹੋਰ ਕੰਮ ਮਿਲ ਗਿਆ।

ਆਪਣੇ ਅੰਕਲ ਨਾਲ ਸਲਾਹ ਕਰਕੇ ਉਸਨੇ ਆਪਣੇ ਛੋਟੇ ਭਰਾ ਨੂੰ ਵੀ ਕੈਨੇਡਾ ਸੱਦਣ ਦਾ ਵਿਚਾਰ ਬਣਾਇਆ ਸੀ। ਅਖੀਰ ਉਹ ਵੀ ਦਿਨ ਆ ਗਿਆ। ਉਸ ਦਾ ਅੰਕਲ, ਰਘਬੀਰ, ਗਿਆਨੀ ਤੇ ਉਹ ਅੱਜ ਏਅਰ ਪੋਰਟ ਤੇ ਕੁਲਬੀਰ ਨੂੰ ਲੈਣ ਗਏ। ਘਰ ਵਾਪਸ ਆ ਕੇ ਮੁੜ ਮਹਿਫਲ ਸਜੀ। ਦਲਬੀਰ ਦਾ ਅੰਕਲ ਆਪਣੇ ਭਤੀਜੇ ਕੁਲਬੀਰ ਦੇ ਸੋਹਣੇ ਗੁੰਦਵੇਂ ਸਰੀਰ ਵਲ ਦੇਖ ਦੇਖ ਕੇ ਬੜਾ ਖੁਸ਼ ਹੋ ਰਿਹਾ ਸੀ। ਇਕ ਗਲਾਸ ਵਿਚ ਬੋਤਲ ਉਧਲਕੇ ਕੁਲਬੀਰ ਨੂੰ ਫੜੋਂਦਾ ਹੋਇਆ ਕਹਿਣ ਲੱਗਾ, "ਮੁੰਡਾ ਤਾਂ ਗਭਰੂ ਹੈ ਚੰਗਾ ਨਰੋਆ ਲਗਦਾ" ਫੇਰ ਉਸ ਨੂੰ ਮੋਢੇ ਤੇ ਹੱਥ ਰੱਖ ਕੇ ਕਹਿਣ ਲੱਗਾ, "ਕਿਉਂ ਬੱਚੂ ਦੇਸ਼ ਤਾਂ ਮੌਜਾਂ ਮਾਣੀਆਂ ਏਥੇ ਤਾਂ ਖਿਚੇਂਗਾ ਨਾ ਗਰੀਨ ਚੇਨ ਦੇ ਫੱਟੇ।" ਇਸਤੋਂ ਪਹਿਲਾਂ ਕਿ ਕੁਲਬੀਰ ਕੁਝ ਜਵਾਬ ਦਿੰਦਾ ਦਲਬੀਰ ਤੇ ਗਿਆਨੀ ਦੀਆਂ ਅੱਖਾਂ ਲੜੀਆਂ ਤੇ ਦਲਬੀਰ ਬੋਲਿਆ, "ਨਹੀਂ ਅੰਕਲ ਜੀ ਇਹਨੂੰ ਯੂਨੀਵਰਸਿਟੀ ਭੇਜਣਾ ਹੈ।" ਅੰਕਲ ਦਾ ਮੂੰਹ ਮਿਟੀ ਦਾ ਆਲ੍ਹਾ ਹੀ ਬਣਿਆ ਰਹਿ ਗਿਆ।


# ਹਿਮਾਲੀਆ ਰੈਸਟੋਰੈਂਟ

## 2131 ਮੇਨ ਸਟਰੀਟ

ਜਿਥੇ ਤਹਾਨੂੰ ਲੈਂਬ ਕਰੀ, ਪਰਾਨ ਕਰੀ, ਬਕਰੇ ਦਾ ਸਪੈਸ਼ਲ ਮੀਟ
ਸਬਜ਼ੀਆਂ, ਸਮੋਸੇ, ਪੂਰੀ ਛੋਲੇ, ਲੱਸੀ, ਦਹੀਂ, ਗੁਲਾਬ ਜਾਮੁਨ,
ਬਰਫੀ, ਬੇਸਣ ਤੇ ਰਸਗੁਲੇ ਹਰ ਵਕਤ ਤਿਆਰ
ਮਿਲਦਾ ਹੈ।

ਮਾਲਕ:-ਕਰਨੈਲ ਮਰੋਕ
ਜਿਹੜੇ ਭਾਰਤੀ ਖਾਣਿਆਂ ਦੇ ਮਾਹਰ ਹਨ

**HIMALAYA RESTAURANT**

**2131 MAIN ST.**

**PH. 876-9211**





**MELTON**
REAL ESTATE (B.C.) LTD.

**GURDAS S. MINHAS**

1435 KINGSWAY
VANCOUVER 12. B. C.

OFF. 879-7571
RES. 325-0372

*B. C.'s First Computerized*
*Real Estate Service*

ਹਰ ਪ੍ਰਕਾਰ ਦੀ ਜਾਇਦਾਦ ਖਰੀਦਣ
ਜਾਂ ਵੇਚਣ ਸਮੇਂ ਤੁਹਾਨੂੰ ਯੋਗ ਰਾਇ
ਤੇ ਲਾਭਦਾਇਕ ਸੇਵਾਵਾਂ ਪੇਸ਼ ਕਰਦੇ ਹਾਂ।

ਗੁਰਦਾਸ ਸਿੰਘ ਮਿਨਹਾਸ

ਟੈਲੀਫੋਨ :
ਦਫ਼ਤਰ: 879-7571
ਘਰ: 325-6601


## FILM INFORMATION

1. QUEEN ELIZABETH PLAYHOUSE, Vancouver
   Call: Avtar Bains (325-7369) — Amarjit Binning (327-9573)
2. METRO THEATRE, Vancouver & CENTENNIAL, N. Vancouver
   Call: Horizon Films Ltd. (299-6710) 24 hrs.
3. CENTENNIAL THEATRE, Surrey
   Call: Ajanta Films (434-9812) & (435-6227)
4. OLYMPIA THEATRE, Vancouver
   Call: S & S Pictures (874-2249)
5. YORK THEATRE, Vancouver
   Call: Evergreen Films (255-0141)
   Patel's Deluxe Mart (255-6729

SHOW TIMES:
EVERY SATURDAY 8 P.M. — EVERY SUNDAY 3:30 & 8 P.M.


MOVIES FOREIGN EXCHANGE CONCERT

**SIHOTA DISTRIBUTORS**

MANAGER KARTAR SINGH AHLUWALIA

3483 KINGSWAY,
VANCOUVER, B.C.,
CANADA. V5R 5L5.

PHONE:
438-1304
324-2557

## ਸੰਜੀਵਨੀ ਬੂਟੀ

ਸੂਬਾ ਸਿੰਘ ਐਮ. ਏ.

ਪਟਿਆਲੇ ਦੀ ਇਕ ਉਜੜੀ ਹੋਈ ਕੋਠੀ ਦੇ ਪਿਛਵਾੜੇ ਵਿਚ ਇਕ ਅੰਨ੍ਹੇਰੇ ਅਤੇ ਤੰਗ ਕਮਰੇ ਵਿਚ ਅੱਧੋਰਾਣੀ ਢਿਲੀ, ਖੂਹ ਵਾਂਗ ਡੂੰਘੀ ਚਾਰਪਾਈ ਉਤੇ ਮੈਂ ਉਸ ਨੂੰ ਬੈਠਾ ਹੋਇਆ ਲਭਿਆ। ਜਦੋਂ ਮੈਂ ਦਰਵਾਜ਼ੇ ਵਿਚੋਂ ਲੰਘਿਆ ਤਾਂ ਉਹ ਪੁਰਾਣੇ ਅਖਬਾਰਾਂ ਦੇ ਵਰਕਿਆਂ ਉਤੇ ਝੁਕਿਆ ਹੋਇਆ, ਸਜੇ ਹੱਥ ਦਾ 'ਡੂਚ ਗੋਡੇ ਉਤੇ ਰਖੀ ਅਤੇ ਖੱਬੇ ਨਾਲ ਕਮਾਨੀਆਂ ਰਹਿਤ ਐਨਕਾਂ ਨੂੰ ਅੱਖੀਆਂ ਉਤੇ ਟਿਕਾਈ ਕੁਝ ਪੜ੍ਹ ਰਿਹਾ ਸੀ। ਉਸ ਨੇ ਮੇਰੇ ਪੈਰਾਂ ਦਾ ਖੜਾਕ ਸੁਣ ਕੇ ਐਨਕ ਲਾਂਭੇ ਰੱਖੀ ਅਤੇ ਸੱਜੇ ਹੱਥ ਦੇ 'ਡੂਚ' ਨੂੰ 'ਪੇਪਰਵੇਟ' ਵਾਂਗ ਅਖਬਾਰਾਂ ਦੇ ਵਰਕਿਆਂ ਉਤੇ ਰੱਖ ਕੇ ਉਤਾਂਹ ਮੇਰੀ ਵੱਲ ਵੇਖਿਆ।

ਛੋਟੀਆਂ ਸੁਜੀਆਂ ਗੰਨੀਆਂ ਵਾਲੀਆਂ ਅੱਖੀਆਂ, ਤਿਖੇ ਨੱਕ, ਪਤਲੀਆਂ ਪਿਚਕੀਆਂ ਹੋਈਆਂ ਗਲ੍ਹਾਂ ਨਾਲ ਹੰਬੜੀ ਹੋਈ ਵਿਰਲੀ ਦਾਹੜੀ ਜਿਸ ਵਿਚ ਧੌਲੀਆਂ ਲਕੀਰਾਂ ਬਾਕੀ ਚਿਹਰੇ ਦੀਆਂ ਝੁਰੜੀਆਂ ਨਾਲ ਸੁਹਾ-ਵਣਾ ਮੇਲ ਖਾਂਦੀਆਂ ਸਨ। ਥੱਲੇ ਦਾ ਬੁਲ੍ਹ ਕੁਝ ਹੇਠਾਂ ਨੂੰ ਢਲਕਿਆ ਹੋਇਆ ਜਿਸ ਨਾਲ ਕੁਝ ਹੇਠਲੇ ਦੰਦਾਂ ਦੀ ਗ਼ੈਰ ਮੌਜੂਦਗੀ ਨੁਮਾਇਆਂ ਹੋ ਗਈ ਸੀ। ਸਾਰਾ ਸਰੀਰ ਸਮੁਚੇ ਤੌਰ ਤੇ ਇਵੇਂ ਜ ਪਦਾ ਸੀ ਜਿਵੇਂ ਕਰੰਗ ਵਿਚ ਜਾਨ ਪੈ ਗਈ ਹੋਵੇ। ਮੈਨੂੰ ਉਹ ਜ਼ਿੰਦਗੀ ਵਿਰੁਧ ਸ਼ਿਕਾਇਤ ਜਾਂ ਇਕ ਸਾਕਾਰ ਹਾਉਕਾ ਜਾਪਿਆ।

ਕਮਰੇ ਵਿਚ ਦੋ ਪਿੱਤਲ ਦੀਆਂ ਕੌਲੀਆਂ, ਦੋ ਗਿਲਾਸ, ਇਕ ਪਾਣੀ ਵਾਲਾ ਕੱਚਾ ਘੜਾ ਅਤੇ ਇਕ ਨੁਕਰ ਵਿਚ ਦੋ ਚਾਰ ਮੈਲੇ ਕਪੜੇ ਉਦਾਲੇ ਪੁਦਾਲੇ ਦੀ ਵੈਰਾਨੀ ਦੀ ਫਰਿਆਦ ਕਰਦ ਜਾਪਦ ਸਨ!

"ਆਉ ਬੈਠੋ ਜੀ! ਅੱਜ ਹੀ ਹਸਪਤਾਲ ਤੋਂ ਆਇਆ ਹਾਂ। ਹਰ ਥਾਂ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ। ਹਸਪਤਾਲ ਕਾਹਦਾ ਬੁਚੜ ਖਾਨਾ ਹੈ। ਅਰਜ਼ੀਆਂ ਪਰਚੇ ਦ ਕੇ ਦੁਧ ਲਗਵਾਇਆ, ਕੱਲ ਉਹ ਵੀ ਇਕ ਡਾਕਟਰ ਨੇ ਖਿੱਝ ਕੇ ਬੰਦ ਕਰਵਾ ਦਿਤਾ। ਉਹਨੂੰ ਇਹ ਸ਼ਕਾਇਤ ਸੀ ਕਿ ਹਸਪਤਾਲ ਬਾਰੇ ਜਿੱਨੀਆਂ ਸ਼ਿਕਾਇਤਾਂ ਛਪਦੀਆਂ ਹਨ ਉਹ ਮੇਰਾ ਕੰਮ ਸੀ। ਭਲਾ ਹੋਵੇ ਸਤਵੰਤ ਕੌਰ ਨਰਸ ਦਾ। ਪਤਾ ਨਹੀਂ ਕਿਉਂ ਉਹ ਮੇਰਾ ਏਨਾਂ ਖਿਆਲ ਰੱਖਦੀ ਸੀ।"

"ਸ਼ਕਲ ਤੇ ਰੀਝ ਗਈ ਹੋਣੀ ਏ ਹੋਰ ਕਿਉਂ?" ਮੈਂ ਗੱਲ ਅਧਵਾਟੇ ਕੱਟਦਿਆਂ ਹੋਇਆਂ ਕਿਹਾ।

"ਛੱਡੋ ਜੀ! ਆਪਣੀ ਜ਼ਿੰਦਗੀ ਵਿਚ ਬਥੇਰੀਆਂ ਲੜਕੀਆਂ ਆਈਆਂ। ਪਰ ਇਸ ਨਰਸ ਨੇ ਮੇਰੀ ਜਾਨ ਬਚਾ ਲਈ। ਸ਼ਾਮ ਤੋਂ ਪਹਿਲਾਂ ਹੀ ਮੈਨੂੰ ਹਸਪਤਾਲ ਤੋਂ ਬਾਹਰ ਕਢ ਮਾਰਿਆ। ਕਹਿਣ ਲੱਗੀ ਕੋਈ ਜ਼ਹਿਰ ਦਾ ਟੀਕਾ ਨਾ ਲਗਾ ਦੇਵੇ," ਉਸ ਨੇ ਇਨਕਸ਼ਾਫ ਕੀਤਾ।

"ਚਲੋ ਜੀ ਆਪਣਾ ਮਨ ਸਾਫ ਹੋਣਾ ਚਾਹੀਦਾ ਹੈ," ਮੈਂ ਗਲ ਬਾਤ ਲਾਂਭੇ ਮੋੜਨੀ ਚਾਹੀ!

"ਮਨ ਸਾਫ ਕਿਸ ਤਰ੍ਹਾਂ ਹੋ ਸਕਦਾ ਹੈ, ਅੱਜ ਕੱਲ ਹਰ ਪਾਸੇ ਅੰਨ੍ਹੀ ਪਈ ਹੈ। ਕੁਝ ਪਤਾ ਨਹੀਂ ਲੱਗਦਾ। ਆਹ ਮਹਿਕਮਾ ਪੰਜਾਬੀ ਨੂੰ ਹੀ ਵੇਖੋ! ਕਿ ਇਸ ਤਰ੍ਹਾਂ ਸਿਫ਼ਾਰਸ਼ਾਂ ਹਨ, ਜਿਸ ਨੂੰ ਮਰਜ਼ੀ ਚਾਹੇ ਸਨਮਾਨ ਪੱਤਰ ਦੇ ਛੱਡਦੇ ਹਨ। ਮੈਂ ਕਈ ਕਿਤਾਬਾਂ ਲਿਖੀਆਂ ਹਨ 'ਧੁਖਦੀਆਂ ਆਂਦਰਾਂ' 'ਸੋਨੇ ਦੀ ਚੁੰਝ' 'ਲੱਕੜ ਦੀਆਂ ਲੱਤਾਂ' 'ਸੁਕੇ ਪਿੰਜਰ' 'ਹਰੀਆਂ ਛਾਤੀਆਂ' 'ਅੱਗ ਦੀਆਂ ਨਾੜਾਂ' 'ਖੋਤਿਆਂ ਦੇ ਹੱਡ' 'ਤੂੰ ਤੇ ਮੈਂ' 'ਮੈਂ ਤੇ ਤੂੰ' 'ਸੂਰਾਂ ਨੂੰ ਪੋਨੇ' 'ਖੱਫਣ ਚੋਰਾਂ ਦੇ ਉਸਤਾਦ' 'ਗਾਉਂਦੀਆਂ ਚੁੜੇਲਾਂ' ਆਦਿ, ਗੱਲ ਕੀ ਗਿਣਨੀਆਂ ਔਖੀਆਂ ਹਨ। 'ਧੁਖਦੀਆਂ ਆਂਦਰਾਂ' ਕਿਤਾਬ ਪੜ੍ਹ ਕੇ ਸ਼ਿਮਲੇ ਦੇ ਇਕ ਅਫਸਰ ਦੀ ਲੜਕੀ ਨੇ ਮੈਨੂੰ ੧੫੦ ਰੁਪੈ ਮਨੀ ਆਰਡਰ ਕਰਕੇ ਭੇਜੇ ਅਤੇ ਨਾਲ ਹੀ ਲਿਖਿਆ ਕਿ ਮੈਂ ਇਸ ਮਹੀਨੇ ਰੇਸ਼ਮੀ ਸਲਵਾਰ ਖਰੀਦਣ ਦੀ ਥਾਂ ਇਹ ਥੋੜੀ ਜੇਹੀ ਰਕਮ ਮਹਾਨ ਕਲਾਕਾਰ ਦੀ ਭੇਟ ਕਰ ਰਹੀ ਹਾਂ, ਆਸ ਹੈ ਕਿ ਪ੍ਰਵਾਨ ਕਰੋਗੇ। ਇਹ ਜੇ ਲੋਕਾਂ ਵਲੋਂ ਪਰਸੰਸਾ, ਪਰ ਟੈਕਸਟ ਬੁਕ ਕਮੇਟੀ ਵਾਲਿਆਂ ਨੇ ਇਕ ਕਿਤਾਬ ਸਕੂਲਾਂ ਵਿਚ ਨਹੀਂ ਲਗਾਈ। ਉਥੇ ਤਾਂ ਬਾਦਸ਼ਾਹੋ! ਲੜਕੀਆਂ ਦੀਆਂ ਲਿਖੀਆਂ ਹੋਈਆਂ ਕਵਿਤਾਵਾਂ ਨੂੰ ਇਨਾਮ ਮਿਲਦੇ ਨੇ, ਇਹ ਸਾਰੇ ਠਰਕੀ ਨੇ ਠਰਕੀ! ਫੇਰ ਤੁਸੀਂ ਆਖਦੇ ਹੋ ਮਨ ਸਾਫ ਕਰੋ," ਉਸ ਨੇ ਵਿਅੰਗਮਈ ਹਾਸਾ ਬੁਲ੍ਹਾਂ ਤੇ ਲਿਆਂਦਾ।

"ਜਾਪਦਾ ਹੈ ਕਿ ਤੁਹਾਨੂੰ ਕਵਿਤਾ ਲਿਖਣ ਦਾ ਸ਼ੌਕ ਹੈ," ਮੈਂ ਹੋਰ ਗੱਲਬਾਤ ਸੁਣਨ ਲਈ ਪੁਛ ਲਿਆ।

"ਵਾਹ ਭਈ ਵਾਹ! ਕਵਿਤਾ ਦਾ ਸ਼ੌਕ ਨਾ ਹੁੰਦਾ ਤਾਂ ਅੱਜ ਨੂੰ ਅਸੀਂ ਵੀ ਕਿਧਰੇ ਸਰਕਾਰੀ ਅਫਸਰ ਬਣੇ ਹੁੰਦੇ। ਮੈਂ ਪਹਿਲੀ ਕਵਿਤਾ ਲਿਖੀ ਸੀ :

ਹੋਇਲੇ ਨੀ,  
ਮੈਂ ਬੋਲ ਮਾਰਦਾ ਤੇਨੂੰ,  
ਤੂੰ ਸੁਣ ਲੈ ਮੇਰੇ ਵੈਨੂੰ,  
ਮੈਂ ਦੁਖ ਸੁਣਾਵਾਂ ਕੈਨੂੰ,  
ਤੂੰ ਸਮਝੀ ਮੇਰੇ ਸੈਨੂੰ।"

"ਵਾਹ ਭਾਈ ਵਾਹ! ਕਮਾਲ ਹੈ, ਉਸਤਾਦ ਜੀ ਕਮਾਲ! ਕਿਆ ਗਜ਼ਬ ਦੀ ਗ੍ਰਿਹਾ ਬੰਨ੍ਹੀ ਹੈ," ਮੈਂ ਦਾਦ ਦਿਤੀ।

"ਇਸ ਕਵਿਤਾ ਨਾਲ ਮੇਰੀਆਂ ਧੁੰਮਾਂ ਪੈ ਗਈਆਂ ਸਨ। 'ਤੀਰ' ਵਰਗੇ ਸਾਇਰ ਮੇਰੇ ਨਾਲ ਖਾਰ ਖਾਣ

IMPORTERS EXPORTERS WHOLESALERS RETAILERS
ROKKO SAREES & FABRICS
6201 FRASER ST., (At 46th Ave.) VANCOUVER-15, B.C., CANADA. PHONE: 327-3033
OWNED AND OPERATED BY B.S. KHURANA AND SONS AND GRANDSONS

ਲਗ ਪਏ ਸਨ । ਇਹ ਸਾਰਿਆਂ ਤਸ਼ਾਲਿਆਂ ਨੇ ਛਾਪੀ ਸੀ," ਉਸ ਨੇ ਕਿਹਾ ।

"ਤੀਰ ਨਾਲ ਵੀ ਤੁਹਾਡੀ ਕੋਈ ਵਾਕਫੀ ਜਾਪਦੀ ਹੈ," ਮੈਂ ਪੁਛਣ ਦਾ ਹੌਸਲਾ ਕੀਤਾ । "ਕੁਛ ਨਾ ਪੁਛ ! 'ਤੀਰ' ਬੜਾ ਖ਼ਰਾਬ ਹੈ । ਅਸੀਂ ਇਕੱਠੇ ਹੀ ਰਹਿੰਦੇ ਸਾਂ । ਇਕ ਸਕੂਲ ਮਾਸਟਰਨੀ ਮੇਰੇ ਉਤੇ ਮੋਹਤ ਹੋ ਗਈ । ਤੀਰ ਨੂੰ ਪਤਾ ਲਗ ਗਿਆ ਅਤੇ ਨਾਲ ਹੀ ਇਕ ਹੋਰ ਘੁਮੱਕੜ ਨੂੰ । ਦੋਹਾਂ ਨੇ ਮੈਨੂੰ ਲਾਭੇ ਕਰਨ ਲਈ ਉਸ ਮਾਸਟਰਨੀ ਉਤੇ ਕਵਿਤਾਵਾਂ ਲਿਖਣੀਆਂ ਆਰੰਭ ਦਿਤੀਆਂ । ਸਮੱਸਿਆ ਰਖ ਦਿਤੀ :

ਕਲੀਏ ਨੀ ਤੂੰ ਕਿਉਂ ਕੁਮਲਾਉਂਦੀ ਜਾਏਂ......!

ਅਸਾਂ ਤਿੰਨਾ ਹੀ ਆਪਣੀਆਂ ਪਿਆਰ ਕਵਿਤਾਵਾਂ ਇਕ ਰਸਾਲੇ ਵਿਚ ਛਪਵਾਈਆਂ ਅਤੇ ਉਸ ਨੂੰ ਉਸ ਸਕੂਲ ਮਾਸਟਰਨੀ ਜੀ ਕੋਲ ਜਾ ਰਖਿਆ । ਉਸ ਨੇ ਪੜ੍ਹਦਿਆਂ ਸਾਰ ਮੇਰੀ ਕਵਿਤਾ ਨੂੰ ਹਰ ਲਿਹਾਜ਼ ਨਾਲ ਪਹਿਲੇ ਦਰਜੇ ਤੇ ਰਖਿਆ । ਉਸ ਦਿਨ ਤੋਂ ਹੀ ਤੀਰ ਮੇਰੇ ਨਾਲ ਖਾਰ ਖਾਂਦੈ । ਅਤੇ ਕੋਈ ਨਾ ਕੋਈ ਬਦਖੋਹੀ ਕਰਦਾ ਰਹਿੰਦਾ ਹੈ," ਉਸ ਨੇ ਸ਼ਿਕਾਇਤ ਕੀਤੀ ।

"ਪਰ ਕਈ ਦਿਨ ਪਿਛੋਂ ਤੀਰ ਨੇ ਮੈਨੂੰ ਕਿਹਾ ਕਿ ਮੇਰੀ ਕਵਿਤਾ ਪਹਿਲੇ ਦਰਜੇ ਤੇ ਰਖੀ ਗਈ ਸੀ ਅਤੇ ਤੁਹਾਡੀ ਕਵਿਤਾ ਸਭ ਤੋਂ ਪਿਛੇ ਰਹਿ ਗਈ ਸੀ' ਮੈਂ ਟੋਕਿਆ ।

"ਛੱਡ ਯਾਰ ! ਤੀਰ ਨੇ ਸਾਡੀਆਂ ਕੀ ਰੀਸਾਂ ਕਰਨੀਆਂ ਨੇ, ਐਵੇਂ ਯਭਲੀਆਂ ਝਾੜਦਾ ਰਹਿੰਦਾ ਹੈ," ਉਸ ਨੇ ਜਰਾ ਔਖੇ ਹੋ ਕੇ ਕਿਹਾ !

"ਰੀਸ ਤਾਂ ਤੁਹਾਡੀ ਤੀਰ ਜੀ ਨਹੀਂ ਕਰ ਸਕਦੇ ਕਿਉਂਕਿ ਉਹਨਾਂ ਦਾ ਸਰੀਰ ਵੀ ਪ੍ਰਮਾਤਮਾ ਦੀ ਕਿਰਪਾ ਨਾਲ ਸਾਬਤ ਹੈ ਅਤੇ ਉਹ ਖਈ ਦੇ ਰੋਗੀ ਨਹੀਂ ਹਨ, ਪਰ ਇਹ ਯੱਭਲੀਆਂ ਝਾੜਨ ਦੀ ਕੀ ਗਲ ਆਖੀ ਜੇ," ਮੈਂ ਜਰਾ ਉਸ ਨੂੰ ਹੋਰ ਖੁਰਚਣਾ ਚਾਹਿਆ ।

"ਯਭਲੀਆਂ ! ਲੈ ਸੁਣ ਲਾ" ਮੇਰੇ ਕੋਲੋਂ ਉਸਨੇ ਪੱਤਰਕਾਰੀ ਸਿੱਖੀ ਅਤੇ ਮੈਨੂੰ ਹੀ ਭੰਡਣ ਲੱਗ ਪਿਆ । ਅਸੀਂ ਦੋਵੇਂ ਇਕ ਫੌਜੀ ਸਰਦਾਰ ਦੇ ਹਫਤਾਵਾਰੀ ਅਖ਼ਬਾਰ ਦੇ ਐਡੀਟਰ ਸਾਂ । ਉਹ ਛੋਟਾ ਤੇ ਮੈਂ ਵਡਾ । ਇਕ ਦਿਨ ਮੈਂ ਜ਼ਬਰਦਸਤ ਆਰਟੀਕਲ "ਲੋਹੜਾ ਮਾਈਆਂ ਦਾ" ਸੁਰਖੀ ਹੇਠ ਲਿਖਿਆ । ਉਸ ਨੇ ਕੰਪਾਜ਼ਟਰਾਂ ਨਾਲ ਮਿਲ ਕੇ ਪਹਿਲਾਂ ਤਾਂ ਉਸ ਵਿਚ ਅਦਲਾਬਦਲੀ ਕਰਾਈ ਅਤੇ ਫੇਰ ਉਸ ਫੌਜੀ ਸਰਦਾਰ ਨੂੰ ਜਾ ਚੁਕਿਆ । ਉਹ ਮੇਰੇ ਉਦਾਲੇ ਛਿੱਤਰ ਖੱਲ੍ਹੀ ਫਿਰੇ ਅਤੇ ਕਹੇ ਮੈਂ ਤੈਨੂੰ 'ਆਹ ਕੁਛ ਲਿਖਣ ਲਈ ਤਲਬਾਂ ਤਾਰਦਾ ਹਾਂ" ਉਸ ਨੇ ਯਭਲੀਆ ਦੀ ਵਿਆਖਿਆ ਕੀਤੀ ।

'ਫੇਰ ਤਾਂ ਤੁਸੀਂ ਪੱਤਰਕਾਰੀ ਵਿਚ ਵੀ ਉਸਤਾਦ ਜਾਪਦੇ ਹੋ ?" ਮੈਂ ਜ਼ਰਾ ਹੋਰ ਠਕੋਰਿਆ ।

"ਪੱਤਰਕਾਰੀ ! ਸਾਡੇ ਨਾਲ ਦੀ ਪੱਤਰਕਾਰੀ ਕਿਸੇ ਨੇ ਕੀ ਕਰਨੀ ਏ ! ਇਹ ਵੇਖ ਲਓ ਕਿ ਪਿਛਲੇ ਪੰਦਰਾਂ ਸਾਲਾਂ ਵਿਚ ਅਸਾਂ ਲੋਕ ਰਾਜ ਦੇ ਪੰਜ ਪਰਚੇ ਕਢੇ ਅਤੇ ਪੰਜੇ ਵਾਰ ਸਰਕਾਰ ਨੇ ਜ਼ਮਾਨਤਾਂ ਮੰਗ ਲਈਆਂ । ਜਦੋਂ ਲਿਖਿਆ ਭ੍ਰਿਸ਼ਟਾਚਾਰੀ ਲੀਡਰ ਅਤੇ ਅਫਸਰਾਂ ਦੇ ਕੜਿੱਲ ਕੱਢ ਦਿਤੇ । ਅਸਾਂ ਤਾਂ ਪੈਪਸੂ ਦੇ ਮੁਖ ਮੰਤਰੀ ਨੂੰ ਰਗੜ ਕਢਿਆ ਸੀ । ਅਸੀਂ ਡਰਨ ਵਾਲੇ ਨਹੀਂ । ਹੋਰਨਾਂ ਅਖਬਾਰਾਂ ਵਾਂਗ ਸਾਨੂੰ ਖੁਸ਼ਾਮਦਾਂ ਨਹੀਂ ਕਰਨੀਆਂ ਆਉਂਦੀਆਂ । ਜੋ ਅਸੀਂ 'ਲੋਕ ਰਾਜ' ਵਿਚ ਸੁਰਮਤਾਈਆਂ ਜਮਾ ਛੱਡੀਆਂ, ਉਹ ਕੋਈ ਹੋਰ ਐਡੀਟਰ ਮੁੜ ਕੇ ਜੰਮੇ ਤਾਂ ਲਿਖ ਸਕਦਾ ਹੈ । ਅਜ ਵਾਲੇ ਤਾਂ ਸਾਰੇ ਖੁਸ਼ਾਮਦੀ ਜੰਮ ਰਹੇ ਹਨ," ਉਸ ਨੇ ਬੜੇ ਮਾਣ ਨਾਲ ਕਿਹਾ ਅਤੇ ਲਾਗੇ ਪਿਆ ਗਿਲਾਸ ਚੁਕ ਕੇ ਪਾਣੀ ਪੀਤਾ ਅਤੇ ਕਮੀਜ਼ ਦੇ ਕਫ ਨਾਲ ਮੁਛਾਂ ਸਾਫ ਕਰਕੇ ਕਹਿੰਦਾ ਗਿਆ :

"ਸਾਡੀ ਮਾਰ ਤੋਂ ਕੌਣ ਬਚਿਆ । ਅਸਾਂ ਡਾਇਰੈ-ਕਟਰਾਂ ਬਾਰੇ ਲਿਖ ਦਿੱਤਾ ਕਿ ਧੌਣ ਦੇ ਵਲ ਕੱਢ ਦਿਆਂਗੇ । ਉਹਨਾਂ ਨੇ ਸਾਡੇ ਪ੍ਰੈਸ ਨੂੰ ਜੰਦਰੇ ਮਾਰ ਦਿੱਤੇ । ਸਮਾਨ ਕੁਰਕ ਕਰ ਲਿਆ ਪਰ ਅਸੀਂ ਨਾ ਡਰੇ । ਪੰਦਰਾਂ ਦਿਨਾਂ ਪਿਛੋਂ ਫੇਰ ਪਰਚਾ ਕੱਢ ਕੇ ਉਸ ਦੀ ਉਹ ਖਬਰ ਲਈ ਕਿ ਯਾਦ ਰੱਖੇਗਾ, ਬਾਦਸ਼ਾਹੋ ! ਨੰਗ ਤਾਂ ਚੁਰਸਤੇ ਵਿਚ ਆ, ਸਾਡਾ ਕਿਸੇ ਨੇ ਕੀ ਖੋਹ ਲੈਣਾ । ਕਰਜਾ ਸਾਨੂੰ ਨਹੀਂ ਸਰਕਾਰ ਨੇ ਦਿੱਤਾ । ਪਰਮਿਟ ਸਾਨੂੰ ਨਹੀਂ ਮਿਲਿਆ । ਇਸ਼ਤਿਹਾਰ ਸਾਨੂੰ ਨਹੀਂ ਦਿੰਦੇ । ਤਾ ਫੇਰ ਡਰੀਏ ਕਿਉਂ ?"

"ਠੀਕ ਹੈ ! ਡਰਨਾ ਕਿਸ ਗੱਲ ਦਾ ! ਅਖਬਾਰ ਨਵੀਸ ਜੀ ਆਖ ਤੇ ਪਾੜਛੇ ਕਿਉਂ ਨਾ ਲਾਹੋ," ਮੈਂ ਤਾਈਦ ਕੀਤੀ ।

"ਚਲੋ ਛੱਡੋ ਯਾਰ ! ਇਹਨਾਂ ਗੱਲਾਂ ਨੂੰ । ਤੁਹਾਡੀ ਜ਼ਿੰਦਗੀ ਵਿਚ ਕਦੇ ਕੋਈ ਰੋਮਾਂਸ ਆਇਆ ਹੈ ਕਿ ਨਹੀਂ," ਉਸ ਅਚਾਨਕ ਪੁਛਿਆ !

"ਨਹੀਂ ਜੀ, ਰੋਮਾਂਸ ਦਾ ਜਵਾਨੀ ਨਾਲ ਸੰਬੰਧ ਹੈ ਪਰ ਸਾਡੇ ਉਤੇ ਨਾ ਜਵਾਨੀ ਆਈ ਤੇ ਨਾ ਰੁਮਾਂਸ ਖਰੀ-ਦਣ ਜੋਗੇ ਦਮੜੇ," ਮੈਂ ਜੁਰਮ ਇਕਬਾਲ ਕਰ ਲਿਆ ।

"ਪਰ ਮੇਰੀ ਜ਼ਿੰਦਗੀ ਵਿਚ ਤਾਂ ਬੜੇ ਰੋਮਾਂਸ ਆਏ" ਉਸਨੇ ਚਟਖਾਰੇ ਭਰਦਿਆਂ ਕਿਹਾ ।

"ਠੀਕ, ਆਏ ਹੋਣੇ ਨੇ ! ਕਿਉਂਕਿ ਵਾਰਸ਼ਾਹ ਨੇ ਆਖਿਆ ਹੈ :

ਰੰਨਾਂ ਡਿਗਦੀਆਂ ਵੇਖ ਕੇ ਛੈਲ ਮੁੰਡਾ,
ਜਿਵੇਂ ਸ਼ਹਿਦ ਤੇ ਮੱਖੀਆਂ ਡਿਗਦੀਆਂ ਨੇ ।"

ਮੈਂ ਜ਼ਰਾ ਹੋਰ ਉਸ ਦੇ ਰੋਮਾਂਸਤਾਨੀ ਸ਼ੌਕ ਨੂੰ ਉਛਾਲਾ ਦਿੱਤਾ । "ਬਸ ਜੀ ! ਕੀ ਪੁਛਦੇ ਹੋ ਇਕ ਲੜਕੀ ਮੇਰੇ ਨਾਲ ਤੁਰ ਪਈ । ਛੇ ਮਹੀਨੇ ਅਸੀਂ ਅੰਮ੍ਰਿਤਸਰ ਇਕੱਠੇ ਰਹੇ । ਜੇ ਮੇਰੇ ਭਰਾ ਦੇ ਪਾਗਲ ਹੋਣ ਦੀ ਚਿੱਠੀ ਨਾ ਆਉਂਦੀ ਤਾਂ ਸਾਡਾ ਆਨੰਦ ਕਾਰਜ ਹੋ ਜਾਂਦਾ," ਉਸ ਨੇ ਅੱਖੀਆਂ ਮੀਟ ਲਈਆਂ ਅਤੇ ਗੁਜ਼ਰੇ ਸਮੇਂ ਵਿਚ ਗੋਤਾ ਮਾਰ ਗਿਆ, "ਫੇਰ ਤਾਂ ਅਸੀਂ ਅੱਜ ਫੱਕੇ ਜੀਵਨ ਸਾਥੀ ਨਾ ਹੁੰਦੇ ।"

ਮੈਂ ਕਿਹਾ "ਯਾਰ ਕਿਹੜੀਆਂ ਗੱਲਾਂ ਵਿਚ ਰੁੜ੍ਹ ਗਏ, ਅੱਜ ਕਲ੍ਹ ਤਾਂ ਟੋਡੀਆਂ ਅਤੇ ਫਿਰਕੂਆਂ ਨੇ ਖੱਦਰ ਪਾ ਲਏ ਅਤੇ ਉਹ ਚੋਧਰੀ ਤੇ ਅਸੀਂ ਨੁਕਰੇ ਲੱਗੇ ਬੈਠੇ ਹਾਂ । ਮੈਂ ਵਜ਼ੀਰ ਮਾਲ ਕੋਲ ਗਿਆ ਸੀ, ਸਾਫ ਕਹਿ ਦਿੱਤਾ ਸੀ ਕਿ ਅੱਜ ਦੇ ਕਾਂਗਰਸੀ ਕੌਣ ਹਨ । ਪਰਸੋਂ ਉਥੇ ਰਹਿ ਗਿਆ ਸੀ, ਰੋਟੀ ਖਾਧੀ । ਹੁਣ ਤੂੰ ਦਸ ! ਕਿਤਾਬਾਂ ਛਾਪਣ ਵਿਚ ਕੁਆਰੇਪ੍ਰੇਟਿਵ ਸੁਸਾਇਟੀ ਬਣਾਉਣ ਲਈ ੫੦ ਹਜ਼ਾਰ ਰੁਪਏ ਕਰਜ਼ਾ ਮਿਲਦਾ ਹੈ, ਲੈ ਲਈਏ ਕਿ ਨਾ ?" ਉਸ ਨੇ ਇਸ ਅੰਦਾਜ਼ੇ ਨਾਲ ਸਲਾਹ ਪੁਛੀ, ਜਿਵੇਂ ਇਸ ਸਲਾਹ ਬਿਨਾਂ ਹੀ ਪੰਜਾਹ ਹਜ਼ਾਰ ਦਾ ਕਰਜ਼ਾ ਅਟਕਿਆ ਹੋਵੇ ।

"ਨੇਕੀ ਪੁਛ ਕੇ ਨਹੀਂ ਕਰੀਦੀ, ਮਾਰ ਲੈ ਹਥ ਜੋ ਵਜਦਾ ਏ," ਮੈਂ ਕਿਹਾ । ਉਸਨੇ ਸਜੀ ਜੇਹਬ

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
3483 KINGSWAY, VANCOUVER, B.C., CANADA. V5R 5L5-
PHONE: 438-1304 324-2557

ਵਿਚੋਂ ਟੋਹ ਕੇ ਇਕ ਕਾਗਜ਼ ਦੀ ਪੁੜੀ ਕੱਢੀ। ਉਸਨੂੰ ਬੜੀ ਸਾਵਧਾਨੀ ਨਾਲ ਖੋਹਲਣ ਪਿਛੋਂ ਬੋਲਿਆ, "ਬਹੁਤ ਠੀਕ । ਬਸ ਮੈਂ ਸਲਾਹੀ ਹੀ ਪੁਛਣੀ ਸੀ। ਹਛਾ ਯਾਰ ਜੇਬ ਵਿਚ ਅਠ ਕੁ ਆਨੇ ਹੋਣਗੇ । ਚਾਹ ਮੰਗਵਾਈਂ, ਆਹ ਦਵਾਈ ਖਾਣੀ ਏ।"

"ਯਾਰ ਮੈਂ ਤਾਂ ਆਪ ਤੇਰੇ ਕੋਲ ਇਸ ਵਾਸਤੇ ਆਇਆ ਸਾਂ," ਇਹ ਸੁਣਦਿਆਂ ਦਵਾਈ ਉਸ ਦੇ ਹਥੋਂ ਡਿਗ ਕੇ ਖਿਲਰ ਗਈ ਅਤੇ ਮੈਂ ਨਿਰਾਸ ਅਤੇ ਨਿਮੋਝਣਾ ਕਮਰੇ 'ਚੋਂ ਬਾਹਿਰ ਨਿਕਲ ਆਇਆ ।


THINKING OF TRAVEL?



WE CAN SAVE YOU TIME - TROUBLE

PHONE: 872-7658

GOYAL TRAVEL

GROUPS - CHARTERS - EXCURSIONS - PAY LATER

SPECIAL IMMIGRANT FARES AVAILABLE.

4160 Fraser Street, Vancouver



ਭਾਰਤੀ ਗਰੋਸਰੀ ਵਾਸਤੇ

ਇੰਡੀਆ ਫਾਈਨ ਫੂਡਜ਼

ਸਸਤਾ ਖਰੀਦੋ ਤੇ ਪੈਸੇ ਬਚਾਓ

8179 ਮੇਨ ਸਟਰੀਟ, (ਮੇਨ ਅਤੇ ਮਰੀਨ ਤੇ)
ਰੌਇਲ ਬੈਂਕ ਦੇ ਨਾਲ

ਫੋਨ: 327-0510

ਜਿਥੇ ਤੁਹਾਨੂੰ ਹਰ ਕਿਸਮ ਦੀ ਗਰੋਸਰੀ ਜਿਵੇਂ ਦਾਲਾਂ, ਮਸਾਲੇ
ਆਚਾਰ, ਚਾਵਲ, ਆਟਾ (ਮੱਕੀ, ਕਣਕ, ਛੋਲੇ, ਮਟਰ, ਬਾਜਰਾ
ਮੂੰਗੀ, ਮਾਹ, ਸੂਜੀ, ਪਾਪੜ, ਸੁਕੇ ਮੇਵੇ, ਹਰ ਕਿਸਮ ਦੀਆਂ
ਹਿੰਦੀ ਤੇ ਪੰਜਾਬੀ ਦੀਆਂ ਕਿਤਾਬਾਂ, ਹਾਰ, ਸਿਹਰੇ, ਰੀਕਾਰਡ
ਕੀਤੀਆਂ ਹੋਈਆਂ ਛਟਰੈਕ ਟੇਪਾਂ (ਹਿੰਦੀ ਤੇ ਪੰਜਾਬੀ)
ਹਿੰਦੀ ਤੇ ਪੰਜਾਬੀ ਰੀਕਾਰਡ ਤੇ ਹੋਰ ਬਹੁਤ ਕੁਛ
ਬਹੁਤ ਸਸਤਾ ਤੇ ਵਧੀਆ ਮਿਲਦਾ ਹੈ।

*SHOP AND SAVE*

*India Fine Foods & Wares*

8179 MAIN STREET
VANCOUVER, B. C. V5X 3L2

PHONE 327-0510

# ਸਾਜ਼ ਅਤੇ ਆਵਾਜ਼

## ਵਤਨੋਂ ਦੂਰ ਆਰਟ ਫ਼ਾਊਂਡੇਸ਼ਨ ਤੇ ਉਸਦੀ ਪਹਿਲੀ ਪੇਸ਼ਕਸ਼

ਅਜਮੇਰ ਸਿੰਘ
ਵੈਨਕੂਵਰ

ਵਤਨੋਂ ਦੂਰ ਰਹਿੰਦਿਆਂ ਆਪਣੇ ਵਤਨ ਦਾ ਸਭਿਆਚਾਰ ਅਤੇ ਮਾਂ ਬੋਲੀ ਦਾ ਵੈਰਾਗ ਹਰ ਪਰਵਾਸੀ ਦੇ ਦਿਲ ਵਿਚ ਰਹਿੰਦਾ ਹੈ। ਨਵੇਂ ਦੇਸ਼, ਨਵੇਂ ਸਭਿਆਚਾਰ, ਨਵੀਂ ਬੋਲੀ ਅਤੇ ਨਵੇਂ ਮਾਹੌਲ ਵਿਚ ਕੁਝ ਓਪਰਾਪਣ ਰਹਿਣਾ ਕੁਦਰਤੀ ਹੈ। ਆਪਣਾ ਸਭਿਆਚਾਰ ਤੇ ਬੋਲੀ, ਜੋ ਸਾਡੇ ਲਹੂ ਵਿਚ ਰਚੇ ਹੋਏ ਹਨ, ਪਿੱਛੇ ਰਹਿ ਜਾਂਦੇ ਲਗਦੇ ਹਨ ਤੇ ਦਿਲ 'ਚ ਇਕ ਖ਼ਲਾ ਜਿਹਾ ਮਹਿਸੂਸ ਹੁੰਦਾ ਹੈ..... ਇਕ ਮਾਨਸਿਕ ਭੁੱਖ ਜਿਹੀ.... ਜੋ ਸਿਰਫ਼ ਆਪਣੇ ਸਭਿਆਚਾਰਕ ਮਾਹੌਲ ਵਿਚ ਹੀ ਤ੍ਰਿਪਤ ਹੋ ਸਕਦੀ ਹੈ।

ਦੂਰ ਦੀ ਧਰਤੀ ਉਤੇ ਆਪਣੇ ਸਭਿਆਚਾਰਕ ਮਾਹੌਲ ਦੀ ਉਸਾਰੀ ਕਰਨ ਲਈ ਕਈ ਗਰੁੱਪ, ਐਸੋਸੀਏਸ਼ਨਾਂ ਤੇ ਕਲੱਬਾਂ ਹੋਂਦ ਵਿਚ ਆ ਜਾਂਦੀਆਂ ਨੇ.... ਪਰ ਇਨ੍ਹਾਂ ਵਿਚੋਂ ਬਹੁਤੀਆਂ ਦਾ ਮਕਸਦ ਲੋਕਾਂ ਦੀ ਸਭਿਆਚਾਰਕ ਭੁੱਖ ਦਾ ਫ਼ਾਇਦਾ ਉਠਾ ਕੇ ਪੈਸੇ ਬਨਾਉਣ ਤਕ ਹੀ ਮਹਿਦੂਦ ਰਹਿ ਜਾਂਦਾ ਹੈ। ਅਜਿਹੇ ਵਪਾਰਕ ਤੇ ਅਖੌਤੀ ਸਭਿਆਚਾਰਕ ਗਰੁੱਪ ਤੇ ਪ੍ਰੋਗਰਾਮ ਨਿੰਦਣਯੋਗ ਹਨ। ਪਰ ਕਦੀ ਕਦੀ ਕੁਝ ਪ੍ਰੋਗਰਾਮ ਅਜਿਹੇ ਵੀ ਨਸੀਬ ਹੁੰਦੇ ਹਨ ਜੋ ਨਿਰੋਲ ਕਲਾ ਅਤੇ ਸਭਿਆਚਾਰਕ ਨੁਕਤੇ ਤੋਂ ਹੀ ਪੇਸ਼ ਕੀਤੇ ਜਾਂਦੇ ਹਨ ਅਤੇ ਜਿਹੜੇ ਲੋਕਾਂ ਦੇ ਦਿਲਾਂ ਤਕ ਉਤਰ ਜਾਂਦੇ ਹਨ। ਅਸੀਂ ਅਜਿਹੇ ਕਲਾਕਾਰਾਂ ਤੇ ਗਰੁੱਪਾਂ ਨੂੰ ਜੀ ਆਇਆਂ ਆਖਦੇ ਹਾਂ ਜੋ ਲਗਨ ਅਤੇ ਮਿਹਨਤ ਨਾਲ ਸੁੱਚੇ ਤੇ ਸੁਚਾਰੂ ਪ੍ਰੋਗਰਾਮ ਪੇਸ਼ ਕਰਨ ਦਾ ਮਨੋਰਥ ਲੈ ਕੇ ਅਗੇ ਵਧਦੇ ਹਨ।

"ਵਤਨੋਂ ਦੂਰ ਆਰਟ ਫ਼ਾਊਂਡੇਸ਼ਨ" ਇਕ ਐਸੀ ਹੀ ਨਵੀਂ ਕਾਇਮ ਹੋਈ ਕਲਾਕਾਰੀ ਸੰਸਥਾ ਹੈ ਜਿਸ ਦਾ ਮਨੋਰਥ ਆਪਣੇ ਵਤਨ ਦੇ ਸਭਿਆਚਾਰ ਨੂੰ ਵੱਖ ਵੱਖ ਪੱਖਾਂ ਤੋਂ ਅਤੇ ਸਹੀ ਤਰੀਕੇ ਨਾਲ ਸਹੀ ਬੋਲੀ ਵਿਚ ਲੋਕਾਂ ਅੱਗੇ ਮਨੋਰੰਜਕ ਢੰਗ ਨਾਲ ਪੇਸ਼ ਕਰਨਾ ਹੈ। ਇਹ ਕੋਈ ਪੈਸੇ ਬਨਾਉਣ ਵਾਲੀ ਜਾਂ ਆਪਣੀ ਸ਼ੁਹਰਤ ਦੀ ਭੁੱਖੀ ਸੰਸਥਾ ਨਹੀਂ... ਇਸ ਦੇ ਕਲਾਕਾਰ ਅਤੇ ਮੁਢਲੇ ਮੈਂਬਰ ਤਜਰਬਾਕਾਰ ਕਲਾਕਾਰ ਹਨ ਜਿਨ੍ਹਾਂ ਨੂੰ ਮੈਂ ਤੇ ਮੇਰੇ ਹੋਰ ਕਈ ਵੀਰ ਇਸ ਤੋਂ ਪਹਿਲਾਂ ਚੰਡੀਗੜ੍ਹ ਅਤੇ ਪਟਿਆਲੇ ਦੀਆਂ ਸਟੇਜਾਂ ਉਤੇ ਆਪਣੀ ਕਲਾ ਪ੍ਰਦਰਸ਼ਨੀ ਕਰਦਿਆਂ ਦੇਖ ਚੁਕੇ ਹੋਏ ਹਨ। ਇਹ ਕਲਾਕਾਰ ਇਥੇ ਦੂਰ ਦੀ ਧਰਤੀ ਉਤੇ ਨਵੇਂ ਤਜਰਬੇ ਕਰਨਾ ਚਾਹੁੰਦੇ ਹਨ.... ਕੁਝ ਇਥੋਂ ਸਿੱਖਣਾ ਚਾਹੁੰਦੇ ਹਨ ਅਤੇ ਕੁਝ ਆਪਣੇ ਵਲੋਂ ਪੇਸ਼ ਕਰਨ ਦੀ ਤਮੰਨਾ ਰੱਖਦੇ ਹਨ।

"ਵਤਨੋਂ ਦੂਰ ਆਰਟ ਫ਼ਾਊਂਡੇਸ਼ਨ" ਨੇ ਵੈਨਕੂਵਰ ਵਿਚ ਆਪਣੀ ਪਹਿਲੀ ਪੇਸ਼ਕਸ਼ ਇਕ "ਵਰਾਇਟੀ ਸ਼ੋਅ" ਦੇ ਰੂਪ ਵਿਚ ਕੀਤੀ। ਇਹ 'ਵਰਾਇਟੀ ਸ਼ੋਅ' 12 ਮਈ, 1974 ਨੂੰ ਵਿਲਾਰਡ ਸੈਕੰਡਰੀ ਸਕੂਲ ਦੇ ਆਡੀਟੋਰੀਅਮ ਦੀ ਸਟੇਜ ਉਤੇ ਪੇਸ਼ ਕੀਤਾ ਗਿਆ। ਇਕ ਦੋ ਮਾਮੂਲੀ ਖ਼ਾਮੀਆਂ ਤੋਂ ਸਿਵਾ (ਮਿਸਾਲ ਵਜੋਂ ਪਾਵਰ ਸਿਸਟਮ ਵਿਚ ਨੁਕਸ ਪੈ ਜਾਣ ਕਾਰਨ ਸੁਰਜੀਤ ਕਲਸੀ ਦੀ ਗਾਈ ਮੀਨਾ ਕੁਮਾਰੀ ਰਚਿਤ ਗ਼ਜ਼ਲ 'ਆਬਲਾ ਪਾ ਇਸ ਦਸ਼ਤ ਮੇਂ......' ਸਿਰਫ਼ ਸਟੇਜ ਅਤੇ ਹਾਲ ਦੀਆਂ ਪਹਿਲੀਆਂ ਦੋ ਚਾਰ ਰੋਆਂ ਤਕ ਹੀ ਰਹਿ ਗਈ। ਬਾਕੀ ਸਰੋਤਿਆਂ ਤਕ ਨ ਪਹੁੰਚੀ) ਸਮੁੱਚਾ ਪ੍ਰੋਗਰਾਮ ਦਿਲਕਸ਼ ਤੇ ਸਫ਼ਲ ਰਿਹਾ ਅਤੇ ਸਰੋਤਿਆਂ ਉਤੇ ਕਾਫ਼ੀ ਚੰਗਾ ਪ੍ਰਭਾਵ ਛੱਡ ਗਿਆ।

ਪ੍ਰੋਗਰਾਮ ਰਾਗ 'ਬਾਗੇਸ਼ਰੀ' ਨਾਲ ਸ਼ੁਰੂ ਹੋਇਆ। ਦੇਵਿੰਦਰ ਹੁੰਦਲ ਨੇ ਵਾਇਲਨ ਉਤੇ ਰਾਗ ਬਾਗੇਸ਼੍ਰੀ ਵਜਾਇਆ ਜਿਨ੍ਹਾਂ ਦੀ ਤਬਲੇ ਉਤੇ ਸੰਗਤੀ ਹੁਮੇਸ਼ ਨੇ ਕੀਤੀ। ਦੋਨੋਂ ਹੀ ਸਰੋਤਿਆਂ ਦੇ ਜਾਣੇ ਪਛਾਣੇ ਕਲਾਕਾਰ ਹਨ। ਰਾਗ ਦੀ ਮਿਠੀ ਧੁਨ ਨਾਲ ਪ੍ਰੋਗਰਾਮ ਦਾ ਆਰੰਭ ਬੜੀ ਖ਼ੂਬਸੂਰਤੀ ਨਾਲ ਹੋਇਆ। ਇਸ ਪਿਛੋਂ

IMPORTERS EXPORTERS WHOLESALERS RETAILERS
ROKKO SAREES & FABRICS
S-39, GREEN PARK, NEW DELHI-16, INDIA. PHONE: 77790
OWNED AND OPERATED BY B.S. KHURANA AND SONS AND GRANDSONS

ਕਪੂਰ ਸਿੰਘ ਘੁੰਮਣ ਦਾ ਹਾਸਰਸ ਇਕਾਂਗੀ 'ਮੁਨਸ਼ੀ ਜੀ' ਖੇਡਿਆ ਗਿਆ। ਇਹ ਪ੍ਰੋਗਰਾਮ ਦਾ ਸਭ ਤੋਂ ਵਧੀਆ ਆਈਟਮ ਸੀ ਜਿਸਨੂੰ ਜੋਗਰਾਜ ਸੇਠਾ ਨੇ ਬੜੀ ਮਿਹਨਤ ਤੇ ਲਗਨ ਨਾਲ ਡਾਇਰੈਕਟ ਕੀਤਾ ਜਾਪਦਾ ਸੀ। ਜੋਗਰਾਜ ਸੇਠਾ ਨੇ ਬਾਲ ਕਲਾਕਾਰਾਂ ਨੂੰ ਅਦਾਕਾਰੀ ਸਿਖਾ ਕੇ ਇਕਾਂਗੀ ਵਿਚ ਜਾਨ ਪਾ ਦਿਤੀ ਤਾਂ ਹੀ ਤਾਂ ਦਰਸ਼ਕਾਂ ਵਲੋਂ ਹਾਸੇ ਦੀ ਗੁੰਜਾਰ ਅਕਸਰ ਸੁਣਾਈ ਦਿੰਦੀ ਸੀ। ਮੁਨਸ਼ੀ ਜੀ ਦਾ ਪਾਤਰ ਕੁਲਵਿੰਦਰ ਧਾਲੀਵਾਲ ਨੇ ਨਿਖਾਰ ਨਾਲ ਨਿਭਾਇਆ। ਇਕਾਂਗੀ ਵਿਚ ਭਾਰਤੀ ਪ੍ਰਾਇਮਰੀ ਵਿਦਿਆ ਦਾ ਤਰਸਯੋਗ ਨਕਸ਼ਾ ਜਿਸ ਵਿਅੰਗਮਈ ਢੰਗ ਨਾਲ ਖਿਚਿਆ ਗਿਆ ਉਹ ਆਪਣੇ ਆਪ ਵਿਚ ਕਲਾਕਾਰਾਂ ਦੀ ਅਦਾਕਾਰੀ ਦੀ ਮਿਸਾਲ ਸੀ। ਹਵਾਲਦਾਰ ਦੇ ਰੂਪ ਵਿਚ ਚਰਨਜੀਤ ਸਿੱਧੂ ਅਤੇ ਮਿਸਤਰੀ ਦੇ ਰੋਲ ਵਿਚ ਦਲਜੀਤ ਕੂਰ ਦੇ ਰੋਲ ਵੀ ਸਲਾਹੁਣਯੋਗ ਹਨ। ਸਕੂਲ ਦੇ ਵਿਦਿਆਰਥੀ ( ਪਾਲੀ, ਕੁਲਦੀਪ, ਨਰੇਸ਼, ਰੂਬੀ, ਬਾਲਾ, ਕੰਵਲਜੀਤ ਆਦਿ) ਮੈਲੇ ਕੁਚੈਲੇ ਕੱਪੜਿਆਂ ਵਿਚ ਸਚਮੁੱਚ ਇਸੇ ਭਾਰਤੀ ਪਿੰਡ ਦੇ ਸਕੂਲ ਦੇ ਵਿਦਿਆਰਥੀ ਜਾਪਦੇ ਸਨ।

ਗੁਲਸ਼ਨ ਕਲਾਨੀ ਦੀਆਂ ਗਾਈਆਂ ਦੋਨੋਂ ਗ਼ਜ਼ਲਾਂ 'ਰੁਕ ਲੀਆ...' ਅਤੇ 'ਆਸ਼ਿਆਂ ਜਲ ਗਿਆ.....' ਬਹੁਤ ਪਸੰਦ ਕੀਤੀਆਂ ਗਈਆਂ।

ਇਸ ਪ੍ਰੋਗਰਾਮ ਦੀ ਇਕ ਖ਼ਾਸ ਵੰਨਗੀ ਸੀ 'ਖੁਸਰੇ'। ਪੰਜਾਬ ਵਿਚ ਆਏ ਦਿਨ ਕਿਸੇ ਨਾ ਕਿਸੇ ਘਰ ਖੁਸਰਿਆਂ ਦੀ ਰੌਣਕ ਲਗੀ ਰਹਿੰਦੀ ਹੈ ਜਿਹੜੇ ਪੰਜਾਬ ਦੇ ਸਭਿਆਚਾਰ ਦੀ ਇਕ ਅਦੁੱਤੀ ਝਾਕੀ ਪੇਸ਼ ਕਰਦੇ ਹਨ। ਇਥੇ ਗੁਰਦੀਪ ਗਰੇਵਾਲ ਅਤੇ ਕੁਲਵਿੰਦਰ ਧਾਲੀਵਾਲ ਨੇ ਖੁਸਰਿਆਂ ਦੇ ਰੋਲ ਵਿਚ ਆ ਕੇ ਸਾਰਾ ਮਾਹੌਲ ਹਾਸੇ ਵਿਚ ਡੋਬ ਦਿਤਾ।

ਇੰਟਰਵਲ ਤੋਂ ਪਹਿਲਾਂ ਰੇਸ਼ਮੀ ਘਨੋਆ ਤੇ ਮੋਹਨ ਬੱਗਣ ਨੇ ਇਕ ਦੋਗਾਣਾ ਗਾ ਕੇ ਦਰਸ਼ਕਾਂ ਦਾ ਮਨ ਜਿੱਤਿਆ। ਮੋਹਨ ਬੱਗਣ ਨੇ ਸ਼ਿਵ ਕੁਮਾਰ ਬਟਾਲਵੀ ਦੀ 'ਕੰਡਿਆਲੀ ਥੋਰ' ਬੜੀ ਭਰਪੂਰ ਆਵਾਜ਼ ਵਿਚ ਗਾਈ।

ਸ਼ੋਅ ਦਾ ਦੂਸਰਾ ਹਿੱਸਾ ਆਰਕੈਸਟਰਾ ਉੱਤੇ ਫਿਲਮੀ ਧੁੰਨਾਂ ਨਾਲ ਸ਼ੁਰੂ ਹੋਇਆ। ਮਗਰੋਂ ਰੇਸ਼ਮੀ ਘਨੋਆ ਨੇ ਗ਼ਾਲਿਬ ਦੀ ਗ਼ਜ਼ਲ 'ਦਹਰ ਮੇਂ ਨਕਸ਼ੇ ਵਫ਼ਾ....', ਮੋਹਨ ਅਤੇ ਗੁਲਸ਼ਨ ਨੇ ਇਕ ਦੋਗਾਣਾ, ਰਣਬੀਰ ਘੰਨਾ ਨੇ ਪੰਜਾਬੀ ਗੀਤ 'ਚਲੀ ਚਲੀ ਜਾਨ....' ਅਤੇ ਗੁਰਦੀਪ ਗਰੇਵਾਲ ਤੇ ਮੋਹਨ ਬੱਗਣ ਨੇ ਪੰਜਾਬੀ ਗੀਤ 'ਭਾਬੀ' ਗਾ ਕੇ ਸਰੋਤਿਆਂ ਤੋਂ 'ਵਾਹ ਵਾਹ..' ਲਈ। ਨਰਿੰਦਰ ਭਾਗੀ ਅਤੇ ਸਹਿ-ਕਲਾਕਾਰਾਂ ਦੀਆਂ ਸੰਗੀਤ ਧੁੰਨਾਂ ਕਾਫ਼ੀ ਮਨਮੋਹਕ ਸਨ।

ਵਰਾਇਟੀ ਸ਼ੋਅ ਵਿਚ ਚੀਨੀ ਰੋਲ ਨਾਚ ਬਹੁਤ ਦਿਲਚਸਪ ਰਹੇ। ਖ਼ਾਸ ਕਰਕੇ ਪੰਜ ਸਾਲਾਂ ਦੀ ਛੋਟੀ ਬੱਚੀ ਪਿੰਗ ਪਿੰਗ ਦੇ ਹੱਥਾਂ ਉਤੇ ਪਲੇਟਾਂ ਰੱਖਕੇ ਬੈਲੈਂਸ ਕਰਨ ਵਾਲੇ ਨਾਚ ਨੂੰ ਦਰਸ਼ਕਾਂ ਨੇ ਬਹੁਤ ਸਾਹਿਆ। ਇਸੇ ਤਰ੍ਹਾਂ 'ਸੀਮੀ ਹੋ' ਦੇ 'SWORD DANCE' ਅਤੇ 'ਆਲ ਹੋ' ਤੇ 'ਐਲੀਸ ਹੋ' ਦੇ 'ਪਰੀ ਨਾਚ' ਨੂੰ ਬਹੁਤ ਪਸੰਦ ਕੀਤਾ ਗਿਆ।

ਸਭ ਤੋਂ ਅੰਤ ਵਿਚ ਪੰਜਾਬੀ ਸਭਿਆਚਾਰ ਦੀ ਜੀਊਂਦੀ ਜਾਗਦੀ ਤੇ ਮੂੰਹੋਂ ਬੋਲਦੀ ਝਲਕੀ - ਭੰਗੜਾ ਪੇਸ਼ ਕੀਤਾ ਗਿਆ। ਭੰਗੜੇ ਵਿਚ ਗੁਰਦੀਪ ਗਰੇਵਾਲ, ਨਿਰਮਲ ਧਾਲੀਵਾਲ, ਤ੍ਰਿਲੋਚਨ ਚੰਸ, ਕੁਲਵਿੰਦਰ, ਸੁਰਿੰਦਰ, ਅਮਰਜੀਤ, ਪਾਲ, ਗੁਰਦਿਆਲ ਅਤੇ ਸੁਖੀ ਨੇ ਭਾਗ ਲਿਆ। ਢੋਲ ਦੇ ਮਾਹਿਰ ਮਾਸਟਰ ਹਰਭਜਨ ਸਨ। ਭੰਗੜਾ ਕਾਫ਼ੀ ਦਿਲਚਸਪ ਅਤੇ ਖਿਚਪਾਊ ਰਿਹਾ।

ਸੋ ਕੁੱਲ ਪ੍ਰੋਗਰਾਮ ਸਮੁੱਚੇ ਤੌਰ ਤੇ ਸਫ਼ਲ ਰਿਹਾ। ਵਧੀਆ ਬੈਕਗਰਾਊਂਡ ਸੰਗੀਤ ਇਸ ਗੱਲ ਦਾ ਸਬੂਤ ਹੈ ਕਿ ਪ੍ਰੋਗਰਾਮ ਦਾ ਪੱਧਰ ਘਟੀਆ ਨਹੀਂ ਸੀ। ਕਲਾਕਾਰ ਆਪਣੀ ਕਲਾ ਤੋਂ ਸੁਚੇਤ ਸਨ। ਦੇਵਿੰਦਰ ਤ੍ਰੇਹਨ ਤੇ ਹਮੇਸ਼ ਨੇ ਲਗਭਗ ਹਰ ਗ਼ਜ਼ਲ ਤੇ ਗੀਤ ਨਾਲ ਸੰਗੀਤ ਪੇਸ਼ ਕੀਤਾ। ਉਹ ਆਪਣੀ ਕਲਾ ਦੇ ਮਾਹਿਰ ਹਨ।

ਅਗੋਂ ਲਈ ਪ੍ਰੋਗਰਾਮ ਨੂੰ ਹੋਰ ਵਧੀਆ ਬਣਾਉਣ ਲਈ ਕੁਝ ਕੁ ਸਾਵਧਾਨੀਆਂ ਵਰਤਣ ਦੀ ਲੋੜ ਮਹਿਸੂਸ ਹੋ ਰਹੀ ਹੈ ਜਿਵੇਂ ਚੰਗੇ ਪਰਦੇ ਸਿਸਟਮ ਵਾਲੇ ਹਾਲ ਦੀ ਤਲਾਸ਼ ਕੀਤੀ ਜਾ ਸਕਦੀ ਹੈ; ਵੱਖ ਵੱਖ ਕਿਸਮਾਂ ਦੀਆਂ ਗ਼ਜ਼ਲਾਂ, ਦੋਗਾਣਿਆਂ, ਪੰਜਾਬੀ ਗੀਤਾਂ ਲਈ ਕਈ ਵਾਰ ਇਕੋ ਤਰ੍ਹਾਂ ਦਾ ਸੰਗੀਤ ਕੁਝ ਅਕਾਊ ਹੋ ਜਾਂਦਾ ਹੈ ਅਤੇ ਸਟੇਜ ਉਤੇ ਲਗਾਤਾਰ ਉਤੇ ਦੇ ਸਾਜ਼ਿੰਦਿਆਂ ਦਾ ਮੌਜੂਦ ਰਹਿਣਾ ਲੋਕਾਂ ਵਿਚ ਹਰ ਨਵੇਂ ਆਈਟਮ ਦੀ ਖਿੱਚ ਨੂੰ ਮੱਧਮ ਪਾ ਦਿੰਦਾ ਹੈ। ਹਰ ਗੀਤ ਜਾਂ ਗ਼ਜ਼ਲ ਦੀ ਆਪਣੀ ਵਿਲੱਖਣਤਾ ਨੂੰ ਕਾਇਮ ਰਖਿਆ ਜਾਣਾ ਇਕ ਲੋੜ ਹੈ ਅਤੇ ਇਸ ਲਈ ਜਾਂ ਤਾਂ ਅਲੱਗ ਅਲੱਗ ਸਾਜ਼ਿੰਦੇ ਹੋਣ....

......ਬਾਕੀ ਪੰਨਾ 38 ਤੇ.....

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
3483 KINGSWAY, VANCOUVER, B.C., CANADA. V5R 5L5-
PHONE: 438-1304 324-2557

# *Kartar S. Ahluwalia of . . .*

OFFICE
254-1814
438-1304

of Atlantic Travel Service Ltd.
YOUR OWN TRAVEL AGENT

RESIDENCE
324-2557

## OUR SERVICES ARE FREE!

1 You pay NOT A CENT MORE to book your flights through *Kartar S. Ahluwalia*
2 Information on new passports, passport renewals, endorsements, visas, affidavit forms (declarations) notary services etc.
3 Assistance to bring your friends or relatives to Canada.
4 Assistance for travel formalities through our representatives in India, and London (England).

MORE THAT YOU CAN GET:

1. VIP's treatment.
2. Sincere and friendly advice
3. Best deal always.
4. Fly now – pay later.
5. We are IATA approved agents
6. Service is our business.

ਦੁਨੀਆਂ ਦੇ ਕਿਸੇ ਕੋਨੇ ਜਾਣ ਲਈ ਜਾਂ ਆਪਣੇ ਰਿਸ਼ਤੇਦਾਰਾਂ, ਦੋਸਤਾਂ ਦੇ ਮੰਗਵਾਉਣ ਲਈ ਤੁਸੀਂ ਸਾਡੇ ਅੱਗੇ ਦਰਸ਼ਨ ਦਿਓ, ਕਿਉਂਕਿ ਅਸੀਂ ਸਾਰੀਆਂ ਏਅਰ ਲਾਈਨਜ਼ ਦੀਆਂ ਟਿਕਟਾਂ ਵੇਚਦੇ ਹਾਂ ਇਸ ਲਈ ਤੁਹਾਨੂੰ ਸਸਤੀਆਂ ਟਿਕਟਾਂ ਮਿਲਣਗੀਆਂ। ਪਾਸਪੋਰਟ ਅਤੇ ਵੀਜ਼ਾਓਂ ਵਿਚ ਪੂਰੀ ਮਦਦ ਕੀਤੀ ਜਾਵੇਗੀ।

---

12 ਮਈ ਨੂੰ "ਵਤਨੋਂ ਦੂਰ ਵਰਾਇਟੀ ਸ਼ੋ" ਦੇਖਣ ਆਏ ਦਰਸ਼ਕਾਂ ਤੇ ਉਨ੍ਹਾਂ ਦੇ ਸੁਝਾਵਾਂ ਦਾ ਧੰਨਵਾਦ!

NOW

## THE WATNO DUR ART FOUNDATION

a non-profitable organisation

presents

FULL LENGTH PLAYS (PUNJABI & HINDI)

AWAIT

FOR THE DATE OF OUR NEXT SHOW

*Ladies and men are invited to participate in our productions.*

FOR INFORMATION CALL: 'WATNO DUR' 874-5403

---

MOVIES FOREIGN EXCHANGE CONCERT

## SIHOTA DISTRIBUTORS

3483 KINGSWAY,
VANCOUVER, B.C.,
CANADA. V5R 5L5-

PHONE:
438-1304
324-2557

MANAGER KARTAR SINGH AHLUWALIA

Community Education Development Project
1122 Commercial Drive
Vancouver, B.C.

Dear 'WATNO DUR',

May we introduce ourselves? We are the Community Education Development Project at the above address. We are currently offering classes in beginners' English, taught by volunteer instructors who take a short training course to prepare them to teach English to New Canadians. We have three volunteers at present: Toni Benincasa, Karnail Mann and Anita Lo. We have been asked by people in the neighbourhood to start more classes, in order to do so, we need more volunteers.

Our beginners' course lasts eight weeks. We have classes meeting at our office, at the home of one of the students, and at Strathcona Community Centre. There is no tuition fee, only a small registration charge to cover the cost of photocopying course materials.

If you know of anyone interested in volunteer teaching or in taking a beginners' English course, please call us at 254-4424 or 254-6612. Thank you very much for any help you may be able to give.

Sincerely yours,
Community Education Development

Karnail Mann
Seymour Levitan

THERE'S LIFE AT MARS

MR

**MARS REALTY LTD.**
5467 VICTORIA DR., VANCOUVER, B.C.
327-8315



ਹਰ ਪਰਕਾਰ ਦੀ ਜਾਇਦਾਦ-
RESIDENTIAL, COMMERCIAL & REVENUE - ਖਰੀਦਣ ਜਾਂ ਵੇਚਣ ਸਮੇਂ ਤੁਹਾਡੇ ਤਜਰਬੇਕਾਰ ਸਲਾਹਕਾਰ ਰਹਿਣ ਵਾਲੇ

ਦਰਸ਼ਨ ਬਰਾੜ

*Darshan Brar*

*Res. 433-3334*

MORTGAGES - APPRAISALS - RENTALS - SALES

ਪੰਨਾ 36 ਦੀ ਬਾਕੀ

ਜਾਂ ਕੁਝ ਕੁ ਗੀਤਾਂ ਦਾ ਸੰਗੀਤ ਬੈਕਗਰਾਊਂਡ ਵਿਚ ਸੁਣਦਾਂ ਰਖਿਆ ਜਾ ਸਕਦਾ ਹੈ।

ਸਟੇਜ ਦੇ ਪ੍ਰਬੰਧ ਵਿਚ ਥੋੜੀ ਜਿਹੀ ਢਿੱਲ ਮਹਿਸੂਸ ਹੋਈ। ਉਹ ਕੁਦਰਤੀ ਹੀ ਨਵੀਂ ਵਾਰ ਤੇ ਜਾਂਦੀ ਹੈ ਜਿਵੇਂ ਅਗਲੇ ਆਈਟਮ ਦੀ ਸੈੱਟਿੰਗ ਹੋਣ ਤੱਕ ਕੁਝ ਕੁ ਚਾਰ ਮਿੰਟ ਲਗ ਹੀ ਜਾਂਦੇ ਹਨ ਪਰ ਕਿਉਂ ਨਾ ਇਨ੍ਹਾਂ ਦੋ ਚਾਰ ਮਿੰਟਾਂ ਵਿਚ ਹੀ ਸਰੋਤਿਆਂ ਨੂੰ ਇਹਨਾਂ ਬੋਰਡ ਦਾ ਮੌਕਾ ਨਾ ਦਿਤਾ ਜਾਵੇ।

ਏਨੇ ਸਮੇਂ ਲਈ ਏਨੀ ਸਮਰੱਥਾ ਸਟੇਜ ਸਜ ਸਕਦਾ ਹੈ। ਪਰ ਇਸ ਪ੍ਰੋਗਰਾਮ ਦੇ ਕਰਤਾ ਧਰਤਾ ਕਲਾਕਾਰ ਵਧੇਰੇ ਸਨ ਤਾਂ ਜੀ ਤਾਂ ਉਨ੍ਹਾਂ ਤੋਂ ਕਈ ਪੱਖਾਂ ਵਲ ਧਿਆਨ ਨਹੀਂ ਦਿਤਾ ਜਾ ਸਕਿਆ (ਜਿਵੇਂ ਸ਼ੋਰ ਹੋਰ ਰਾਹੀਂ ਜਨਤਾ ਇਸਾਂ ਇਕਠੇ ਹਾਲ ਵਿਚ ਦਾਖ਼ਲ ਹੋਈ ਜਾ ਰਹੀ ਸੀ ਪਰ ਕਿਸੇ ਪ੍ਰਬੰਧਕੀ ਦਾ ਧਿਆਨ ਇਸ ਪਾਸੇ ਨਹੀਂ ਸੀ) ਖ਼ੈਰ ਇਨ੍ਹਾਂ ਨੂੰ ਮੁੱਢਲੀ ਖਾਮੀਆਂ ਹੀ ਸਮਝਿਆ ਜਾਵੇ, ਸਗੋਂ ਅਗੋਂ ਲਈ ਪ੍ਰੋਗਰਾਮ ਵਿਚ ਹੋਰ ਨਿਖਾਰ ਲਿਆਉਣ ਲਈ ਕੁਝ ਸੁਝਾਵਾਂ ਦੇ ਤੌਰ ਤੇ ਕਬੂਲਿਆ ਜਾਵੇ ਤਾਂ ਚੰਗਾ ਹੈ।

ਅੰਤ ਤੇ ਅੰਤ ਵਿਚ ਮੈਂ ਇਸ ਪ੍ਰੋਗਰਾਮ ਦੇ ਡਾਇਰੈਕਟਰ ਪ੍ਰੋਗਰਾਮ ਸੇਖੋਂ, ਵਧੀਆ ਗਾਇਕ ਮੋਹਨ ਬੱਗਣ, ਤੇ ਡਾਂਸ ਡਾਇਰੈਕਟਰ ਗੁਰਦੀਪ ਗਰੇਵਾਲ ਅਤੇ ਸਮੂਹ ਕਲਾਕਾਰਾਂ ਨੂੰ ਲੋਕਾਂ ਵਲੋਂ ਵਧਾਈ ਦਿੰਦਾ ਹਾਂ ਜਿਹੜੇ ਉਨ੍ਹਾਂ ਤੋਂ ਅਗੋਂ ਲਈ ਹੋਰ ਵਧੀਆ ਪ੍ਰੋਗਰਾਮਾਂ ਦੀ ਉਮੀਦ ਰਖਦੇ ਹਨ।

IMPORTERS EXPORTERS WHOLESALERS RETAILERS

**ROKKO SAREES & FABRICS**

635-BLOOR STREET WEST. TORONTO. ONTARIO. CANADA Phone 533-1106

OWNED AND OPERATED BY B.S. KHURANA AND SONS AND GRANDSONS

# GILL SALES



Hakim Gill

## SPRING SPECIALS

**Furniture, Appliances, Carpets & Drapes**

**ZENITH** — Color T.V. and Stereos

**GIBSON** — Fridges and Stoves

**SPEED QUEEN** — Washers and Dryers

**MOTOROLA** — Color T.V. and Stereos

**PANASONIC** — T.V. and Tape-recorders

**KELVINATOR** — Fridges and Stoves
Washers and Dryers

**ADMIRAL** — Fridges, Stoves and Gas
Ranges, Washers and Dryers,
Color T.V. and Stereos

**All General Electric Appliances.**



BEDROOM SUITES — KITCHEN SETS — CHESTERFIELDS
MATTRESSES — SEALY AND GRANGE

**WE ALSO LAY WALL TO WALL CARPETING**

**4525 Main Street — Vancouver, B.C.**

**Off.: 872-8478** Mobile: 6M46 **Res.: 435-4504**

LITERARY & CULTURAL MONTHLY OF PANJABI

**THE WATNO DUR**

Post Box No. 1041 Coquitlam, B.C., Canada

June 1974 No. 12

ਕੈਨੇਡਾ ਵਿੱਚ ਪੰਜਾਬੀ ਦਾ ਸਾਹਿੱਤਕ-ਸੱਭਿਆਚਾਰਕ ਮਾਸਕ ਪੱਤਰ: ਵਤਨੋਂ ਦੂਰ

SECOND CLASS MAIL
REGISTRATION NUMBER: 3233

# A GRAND SHOW

INDIA'S TOP DANCERS

# PADMINI AND RAGINI

(Heroine of Jis Desh Mein Ganga Behti Hai)

Heroine of Ujala

WITH

Other dancers (Ambika and Malini)
Hindi and Punjabi Singers
Will Present

SNAKE CHARMER DANCE
PEACOCK DANCE
BHANGRA GIDDA
And many more exciting dances

IN



## QUEEN ELIZABETH THEATRE ON SUNDAY, JUNE 16 1974, AT 8 P.M.

**Tickets $3.00, $4.00, $5.00 and $6.00** Available at: Frontier Cloth House, 6672 Main St., Vancouver, B.C.

Vancouver, B.C. **Phone: 325-4424** and other leading Indian stores.

A Gope Shewa Presentation **Phone 434-9812**